ਕੈਨੇਡਾ ਦਰਪਣ

ਅਕਤੂਬਰ 21, 1983

October 21, 1983

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

EAST INDIAN COMMUNITY NEWSPAPER | ਹਫ਼ਤੇਵਾਰ ਕੀਮਤ 25¢ | SECOND CLASS MAIL — Reg. No. 5991

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol 2 No.22 Weekending Oct.21,1983
PHONE. (604)321-6360

The Canada Darpan
Punjabi Weekly Newspaper

ਅਕਾਲੀ ਲੀਡਰਾਂ ਵਲੋਂ ਰਾਸ਼ਟਰਪਤੀ ਰਾਜ ਦਾ ਸਵਾਗਤ — ਲੌਂਗੋਵਾਲ ਨੇ ਇਸ ਨੂੰ ਸਹੀ ਕਦਮ ਕਿਹਾ —

ਅੰਮ੍ਰਿਤਸਰ—ਮੰਗਲਵਾਰ ਨੂੰ ਅਕਾਲੀ ਹਾਈਕਮਾਂਡ ਦੀ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸ਼ਰੋਮਣੀ ਅਕਾਲੀ ਦਲ ਪੰਜਾਬ ਵਿਚ ਦਰਬਾਰਾ ਸਿੰਘ ਸਰਕਾਰ ਦੀ ਬਰਤਰਫੀ ਦਾ ਸੁਆਗਤ ਕਰਦਾ ਹੈ। ਮੀਟਿੰਗ ਤੋਂ ਬਾਅਦ ਸੰਤ ਲੌਂਗੋਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਰੋਮਣੀ ਅਕਾਲੀ ਦਲ ਆਪਣੀਆਂ ਮੰਗਾਂ ਲਈ ਸੰਘਰਸ਼ ਜਾਰੀ ਰੱਖੇਗਾ। ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਦਾ ਹੁਣ ਸਾਰੇ ਸੂਬੇ ਸਮਰਥਨ ਕਰਦੇ ਹਨ ਇਸ ਲਈ ਇਸ ਮੰਗ ਦੇ ਮੰਨੇ ਜਾਣ ਤੱਕ ਇਹ ਲੜਾਈ ਜਾਰੀ ਰਹੇਗੀ।

ਅਕਾਲੀ ਦਲ ਦੇ ਸਰਕਰਦਾ ਲੀਡਰਾਂ ਨਾਲ ਅਹਿਮ ਮੀਟਿੰਗ ਕਰਨ ਪਿਛੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਦਰਬਾਰਾ ਸਿੰਘ ਵਜ਼ਾਰਤ ਨੂੰ ਤੋੜੇ ਜਾਣ ਤੇ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਸ਼ਰੋਮਣੀ ਅਕਾਲੀ ਦਲ ਸਵਾਗਤ ਕਰਦਾ ਹੈ।

ਗ੍ਰਿਫਤਾਰੀਆਂ ਦੀ ਨਿੰਦਾ

ਸੰਤ ਲੌਂਗੋਵਾਲ ਨੇ ਪੰਜਾਬ ਤੇ ਚੰਡੀਗੜ੍ਹ ਨੂੰ "ਅਸ਼ਾਂਤ ਖੇਤਰ" ਕਰਾਰ ਦਿੱਤੇ ਜਾਣ ਦੀ ਨਿੰਦਾ ਕੀਤੀ ਅਤੇ ਕੌਮੀ ਸੁਰੱਖਿਆ ਕਾਨੂੰਨ ਅਧੀਨ ਸੁਖਜਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ ਤੇ ਬਲਬੀਰ ਸਿੰਘ ਭਰਪੂਰ ਦੀਆਂ ਗ੍ਰਿਫਤਾਰੀਆਂ ਦੀ ਅਲੋਚਨਾ ਕੀਤੀ।

ਇਸੇ ਦੌਰਾਨ ਅੱਜ ਪਾਕਿਸਤਾਨ ਦੇ ਸਰਕਾਰੀ ਬੁਲਾਰੇ ਨੇ ਭਾਰਤ ਦੇ ਇਸ ਦੋਸ਼ ਦਾ ਖੰਡਨ ਕੀਤਾ ਕਿ ਪਾਕਿਸਤਾਨ ਸਿੱਖ ਅਤਿਵਾਦੀਆਂ ਨੂੰ ਹਥਿਆਰ ਪਹੁੰਚਾਉਂਦਾ ਰਿਹਾ ਹੈ। ਇਹ ਦੋਸ਼ ਕਾਫੀ ਦੇਰ ਤੋਂ ਕਾਂਗਰਸ ਦੇ ਲੀਡਰ ਲਗਾ ਰਹੇ ਹਨ ਕਿ ਅਤਿਵਾਦੀਆਂ ਵਲੋਂ ਵਰਤੇ ਜਾਂਦੇ ਹਥਿਆਰ ਪਾਕਿਸਤਾਨ ਚੋਰੀ ਛਿਪੇ ਮੁਹੱਈਆ ਕਰ ਰਿਹਾ ਹੈ।

ਯਾਦ ਰਹੇ ਕਿ ਪਿਛਲੇ ਹਫਤੇ ਹੋਏ ਕਤਲਾਂ, ਬੈਂਕ ਡਕੈਤੀਆਂ ਤੇ ਪੁਲਸ ਤੇ ਹਮਲਿਆਂ ਕਾਰਨ ਪੰਜਾਬ ਵਿਚ ਲੋਕ ਪੂਰੀ ਤਰ੍ਹਾਂ ਡੋਲੇ ਹੋਏ ਸਨ। 'ਅਤਿਵਾਦੀਆਂ' ਦੇ ਨਾਂ ਹੇਠ ਪੰਜਾਬ ਵਿਚ ਬਦਨਾਮ ਅਨਸਰ ਆਪ ਹੁਦਰੀਆਂ ਤੇ ਉਤਰਿਆ ਹੋਇਆ ਸੀ।

ਰਾਜਸੀ ਸੂਤਰਾਂ ਦਾ ਵਿਚਾਰ ਹੈ ਕਿ ਜੇ ਛੇ ਮਹੀਨੇ ਪਹਿਲਾਂ ਹੀ ਇਹ ਨਾ ਅਹਿਲ ਸਰਕਾਰ ਬਰਤਰਫ ਕਰ ਦਿਤੀ ਜਾਂਦੀ ਤਾਂ ਮਾਸੂਮ ਲੋਕਾਂ ਦੇ ਕਤਲ ਹੋਣ ਤੋਂ ਬਚ ਜਾਂਦੇ। **ਪੰਜਾਬ ਨੂੰ ਅਸ਼ਾਂਤ ਇਲਾਕਾ ਕਰਾਰ ਦੇ ਕੇ ਕੇਂਦਰ ਸਰਕਾਰ ਨੇ ਪੰਜਾਬ ਅਤੇ ਚੰਡੀਗੜ੍ਹ ਵਿਚ ਵਧੇਰੇ ਪੁਲਸ ਤੇ ਅਰਧਸੈਨਿਕ ਟੁਕੜੀਆਂ ਭੇਜ ਦਿਤੀਆਂ ਹਨ।**

ਸਾਡੇ ਪੱਤਰਪਰੇਰਕ ਦਾ ਕਹਿਣਾ ਹੈ ਕਿ ਕੇਂਦਰ ਵਲੋਂ ਕੇਂਦਰ ਰਾਜ ਲਾਗੂ ਕਰਨ ਦੇ ਨਾਲ ਹੀ ਪੰਜਾਬ ਵਿਚ ਸਾਂਤੀ ਦਾ ਰਾਜ ਹੋ ਗਿਆ ਹੈ ਤੇ ਅਜਿਹਾ ਅਨਸਰ ਸਿਰ ਲੁਕਾਉਣ ਲਈ ਥਾਵਾਂ ਲੱਭ ਰਿਹਾ ਹੈ ਜਿਸ ਨੇ ਲੋਕਾਂ ਦਾ ਜੀਣਾ ਦੁਭਰ ਕੀਤਾ ਹੋਇਆ ਸੀ।



ਹਰਚੰਦ ਸਿੰਘ ਲੌਂਗੋਵਾਲ

ਪੰਜਾਬ ਵਿਚ ਹੁਣ ਪਾਂਡੇ ਜੀ ਦਾ ਰਾਜ

ਨਵੀਂ ਦਿੱਲੀ — ਸ੍ਰੀਮਤੀ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਨੇ ਪੰਜਾਬ ਵਿਚ ਕੇਂਦਰੀ ਰਾਜ ਸਥਾਪਤ ਕਰਨ ਤੋਂ ਉਪਰੰਤ ਸ੍ਰੀ ਬੀ.ਡੀ.ਪਾਂਡੇ ਨੂੰ ਜੋ ਹੁਣ ਤਕ ਬੰਗਾਲ ਦੇ ਗਵਰਨਰ ਸਨ ਪੰਜਾਬ ਦੇ ਨਵੇਂ ਰਾਜਪਾਲ ਸਥਾਪਤ ਕੀਤਾ ਹੈ। ਚੰਡੀਗੜ੍ਹ ਦੀ ਬਜਾਏ ਇਹ ਦਿਲੀ ਤੋਂ ਹੀ ਆਪਣੀ ਕਾਰਵਾਈ ਕਰਿਆ ਕਰਨ ਗੇ। ਪੰਜਾਬ ਵਿਚ ਗਵਰਨਰ ਰਾਜ ਲਾਗੂ ਹੁੰਦਿਆਂ ਹੀ ਪੋਲੀਸ ਨੂੰ ਗੋਲੀ ਮਾਰਨ, ਗ੍ਰਿਫਤਾਰੀਆਂ ਕਰਨ ਅਤੇ ਬਿਨਾਂ ਵਾਰੰਟਾਂ ਤੋਂ ਤਲਾਸ਼ੀਆਂ ਲੈਣ ਦੇ ਅਧਿਕਾਰ ਵੀ ਦੇ ਦਿੱਤੇ ਗਏ ਹਨ।

ਅਗਲੇ ਦਿਨਾਂ ਵਿਚ ਦਹਿਸ਼ਤ ਦੇ ਹੋਰ ਤੇਜ਼ ਹੋਣ ਦਾ ਡਰ

ਚੰਡੀਗੜ੍ਹ—ਆਉਣ ਵਾਲੇ ਦਿਨਾਂ ਵਿਚ ਪੰਜਾਬ ਵਿਚ ਦਹਿਸ਼ਤੀ ਘਟਨਾਵਾਂ ਇਕ ਵਾਰ ਫੇਰ ਤੇਜ਼ ਹੋਣ ਦਾ ਖਦਸ਼ਾ ਹੈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਕੁਝ ਹੀ ਦਿਨਾਂ ਵਿਚ ਕੁਝ ਉਘੇ ਪੁਲਸ ਅਫਸਰ, ਕੁਝ ਸਿੱਖ ਕਾਂਗਰਸੀ ਆਗੂਅਤੇ ਵੱਡੀ ਗਿਣਤੀ ਵਿਚ ਹੋਰ ਨਿਰੰਕਾਰੀ ਅਤਿਵਾਦੀਆਂ ਦਾ ਨਿਸ਼ਾਨਾ ਬਣਨ ਵਾਲੇ ਹਨ। ਨਿਰੰਕਾਰੀਆਂ ਦਾ ਇਕ ਵੱਡਾ ਹਿਸਾ ਅਤਿਵਾਦੀਆਂ ਦਾ ਨਿਸ਼ਾਨਾ ਹੈ ਜਿਹੜਾ ਅਪਰੈਲ 1978 ਵਿਚ ਵਿਸਾਖੀ ਵਾਲੇ ਦਿਨ ਹੋਈ ਝੜਪ ਵਿਚ ਹਾਜ਼ਰ ਸੀ। ਸਮਝਿਆ ਜਾਂਦਾ ਹੈ ਕਿ ਅਤਿਵਾਦੀਆਂ ਨੇ ਉਹਨਾਂ ਸਾਰੇ ਨਿਰੰਕਾਰੀਆਂ ਦੀ ਪਛਾਣ ਕੀਤੀ ਹੋਈ ਹੈ ਜਿਹੜੇ ਉਸ ਵੇਲੇ ਸਮਾਗਮ ਵਿਚ ਹਾਜ਼ਰ ਸਨ। 1978 ਦਾ ਇਹ ਵਿਸਾਖੀ ਸਮਾਗਮ ਹੀ ਅਕਾਲੀਆਂ ਅਤੇ ਨਿਰੰਕਾਰੀਆਂ ਵਿਚਕਾਰ ਤਿੱਖੀ ਲੜਾਈ ਦੀ ਸ਼ੁਰੂਆਤ ਸੀ। ਅਤਿਵਾਦੀਆਂ ਦੀ 'ਹਿਟ ਲਿਸਟ' ਵਿਚ ਸ਼ਾਮਲ ਬਹੁਤ ਸਾਰੇ ਵਿਅਕਤੀਆਂ ਦੀ ਨਾਲੋਂ ਨਾਲ ਛਾਣਬੀਣ ਵੀ ਕੀਤੀ ਜਾ ਰਹੀ ਹੈ ਅਤੇ ਇਹਨਾਂ ਵਿਚ ਹੋਰ ਵੀ ਜੋੜੇ ਜਾ ਰਹੇ ਹਨ।

ਲੁਧਿਆਣੇ ਦੇ ਸ. ਸ. ਪ. ਸ੍ਰੀ ਡੀ. ਆਰ. ਭੱਟੀ ਅਤਿਵਾਦੀਆਂ ਦੀ ਮੁਢਲੀ ਸੂਚੀ ਵਿਚ ਹੀ ਸ਼ਾਮਲ ਸੀ ਅਤੇ ਉਸ ਉਤੇ ਹਮਲਾ ਕੀਤਾ ਗਿਆ। ਇਸੇ ਤਰ੍ਹਾਂ ਪਟਿਆਲਾ ਰੇਂਜ਼ ਦੇ ਡੀ. ਆਈ. ਜੀ. ਸ੍ਰੀ ਡੀ. ਐਸ. ਮਾਂਗਟ ਵੀ ਅਤਿਵਾਦੀਆਂ ਦੀ ਮੁਢਲੀ ਸੂਚੀ ਵਿਚ ਸ਼ਾਮਲ ਸਨ।

ਇਹ ਗੱਲ ਵਿਸ਼ੇਸ਼ ਤੌਰ ਤੇ ਨੋਟ ਕੀਤੀ ਗਈ ਹੈ ਕਿ ਜਿਹੜੇ ਵਿਅਕਤੀ ਉਹਨਾਂ ਦੀ ਸੂਚੀ ਵਿਚ ਸ਼ਾਮਲ ਹਨ ਉਹਨਾਂ ਨੂੰ ਸਰਕਾਰ ਵਲੋਂ ਬਾਡੀ ਗਾਰਡ ਦਿਤੇ ਗਏ ਸਨ ਪਰ ਜਦੋਂ ਉਹਨਾਂ ਉਤੇ ਹਮਲੇ ਕੀਤੇ ਗਏ ਤਾਂ ਇਹ 'ਬਾਡੀ ਗਾਰਡ' ਗੈਰ ਹਾਜ਼ਰ ਸਨ।

ਫਰੀਦਕੋਟ ਦੇ ਨਿਰੰਕਾਰੀ ਆਗੂ ਕੁਲਵੰਤ ਸਿੰਘ ਨੂੰ ਜਦੋਂ ਪਿਛਲੇ ਦਿਨੀਂ ਅੰਮ੍ਰਿਤਸਰ ਵਿਚ ਕਤਲ ਕੀਤਾ ਗਿਆ ਤਾਂ ਉਸਦਾ ਬਾਡੀਗਾਰਡ ਮੁਕਤਸਰ ਹੀ ਰਹਿ ਪਿਆ ਸੀ। ਅੰਮ੍ਰਿਤਸਰ ਤਕ ਉਹਨਾ ਦੇ ਨਾਲ ਨਹੀਂ ਆਇਆ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਮਾਰੇ ਗਏ ਹੈਡਕਾਂਸਟੇਬਲ ਮੱਖਣ ਸਿੰਘ ਦਾ ਸਰਕਾਰ ਨੂੰ ਪਤਾ ਸੀ ਕਿ ਉਹ ਸੂਚੀ ਵਿਚ ਸ਼ਾਮਲ ਹੈ। ਇਥੋਂ ਤਕ ਕਿ ਹਮਲਾ ਹੋਣ ਤੋਂ ਤਿੰਨ ਘੰਟੇ ਪਹਿਲਾਂ ਵੀ ਪੁਲਸ ਨੂੰ ਸੂਚਨਾ ਮਿਲੀ ਸੀ ਅਤੇ ਉਚ ਪੁਲਸ ਅਫਸਰਾਂ ਵਲੋਂ ਉਸ ਨੂੰ ਚਿਤਾਵਨੀ ਵੀ ਦਿਤੀ ਗਈ ਸੀ ਪਰ ਫੇਰ ਵੀ ਅਤਿਵਾਦੀਆਂ ਦਾ ਹਮਲਾ ਸਫਲ ਰਿਹਾ। ਡੀ. ਆਈ. ਜੀ. ਅਵਤਾਰ ਸਿੰਘ ਅਟਵਾਲ ਨੂੰ ਵੀ ਵਡੇ ਅਧਿਕਾਰੀਆਂ ਵਲੋਂ ਬਕਾਇਦਾ ਤੌਰ ਤੇ ਕਿਹਾ ਗਿਆ ਸੀ ਕਿ ਉਹ ਦਰਬਾਰ ਸਾਹਿਬ ਇਕੱਲੇ ਨਾ ਜਾਇਆ ਕਰਨ ਕਿਉਂਕਿ ਉਹ ਸੂਚੀ ਵਿਚ ਸ਼ਾਮਲ ਹਨ।

ਪ੍ਰਵਾਸੀ ਭਾਰਤੀਆਂ ਲਈ ਦਿੱਲੀ ਵਿਚ ਜ਼ਮੀਨ ਨੌ ਸਾਲ ਪਿਛੋਂ ਵੀ ਯੋਜਨਾ ਤੇ ਅਮਲ ਨਹੀਂ ਹੋਇਆ

ਨਵੀਂ ਦਿੱਲੀ—ਭਾਰਤ ਸਰਕਾਰ ਨੇ ਪ੍ਰਵਾਸੀ ਭਾਰਤੀਆਂ ਨਾਲ ਜੋ ਧੱਕਾ ਕੀਤਾ ਹੈ, ਉਸ ਬਾਰੇ ਖਬਰ ਮਿਲੀ ਹੈ ਕਿ 1974 ਵਿਚ ਭਾਰਤੀ ਪ੍ਰਵਾਸੀਆਂ ਲਈ ਦਿੱਲੀ ਵਿਚ ਇਕ ਮਕਾਨਾਂ ਦੀ ਸਕੀਮ ਬਣਾਈ ਗਈ ਸੀ ਜਿਸ ਵਿਚ ਪ੍ਰਵਾਸੀ ਭਾਰਤੀ ਜੋ ਭਾਰਤ ਵਿਚ ਵਸਣ ਦੇ ਇੱਛਕ ਸਨ ਉਨ੍ਹਾਂ ਤੋਂ 10,000 ਰੁਪਏ(ਬਿਦੇਸ਼ੀ ਸਿੱਕੇ ਵਿਚ) ਬਿਨਾਂ ਕਿਸੇ ਸੂਦ ਦੇ ਬਿਆਨੇ ਤੇ ਲੈ ਗਏ ਸਨ। ਅੱਠ ਨੌ ਸਾਲ ਪਿਛੋਂ ਇਹ ਦੱਸਿਆ ਗਿਆ ਹੈ ਕਿ ਕੋਈ ਅਜਿਹੀ ਸਕੀਮ ਚਾਲੂ ਨਹੀਂ ਕੀਤੀ ਜਾਵੇਗੀ।

ਨੌ ਸਾਲ ਤੋਂ ਆਪਣਾ ਰੁਪਇਆ ਲਗਾ ਕੇ ਬਦੇਸ਼ੀ ਭਾਰਤੀ ਅੱਜ ਸਰਕਾਰ ਵੱਲ ਦੇਖ ਰਹੇ ਹਨ ਕਿ ਇਹ ਕੇਹਾ ਭੱਦਾ ਮਜ਼ਾਕ ਹੈ ਜੋ ਸਰਕਾਰ ਉਨ੍ਹਾਂ ਨਾਲ ਕਰ ਰਹੀ ਹੈ। ਇਸ ਦੌਰਾਨ ਦਿੱਲੀ ਵਿਚ ਜ਼ਮੀਨਾਂ ਦੀ ਕੀਮਤ ਦਸ ਗੁਣਾਂ ਵੱਧ ਗਈ ਹੈ।

ਪੈਸੇ ਲੈਣ ਸਮੇਂ ਵਾਅਦਾ ਕੀਤਾ ਗਿਆ ਸੀ ਕਿ ਦੱਖਣੀ ਦਿੱਲੀ ਵਿਚ ਮਹਿਰੌਲੀ-ਬਦਰਪੁਰ ਰੋਡ ਤੇ ਇਕ ਅਲੱਗ ਕਾਲੋਨੀ ਉਨ੍ਹਾਂ ਲਈ ਬਣਾਈ ਜਾਵੇਗੀ ਤੇ 302 ਏਕੜ ਥਾਂ ਰਾਖਵੀਂ ਕਰ ਲਈ ਗਈ ਹੈ। ਲੋਕਾਂ ਦਾ ਕਹਿਣਾ ਹੈ ਕਿ ਜ਼ਮੀਨ ਦੀਆਂ ਕੀਮਤਾਂ ਜਿਸ ਢੰਗ ਨਾਲ ਵਧੀਆ ਹਨ, ਉਨ੍ਹਾਂ ਨੂੰ ਦੇਖ ਕੇ ਸਰਕਾਰ ਮੁਕਰ ਗਈ ਹੈ। ਬਹਾਨਾ ਇਹ ਬਣਾਇਆ ਗਿਆ ਹੈ ਕਿ ਬਹੁਤੇ ਲੋਕਾਂ ਨੇ ਇਸ ਵਿਚ ਰੁਚੀ ਨਹੀਂ ਲਈ। ਬੂਟਾ ਸਿੰਘ-ਨਿਰਮਾਣ ਮੰਤਰੀ ਨੇ ਪਾਰਲੀਮੈਂਟ ਵਿਚ ਵੀ ਇਸੇ ਤਰ੍ਹਾਂ ਦਾ ਬਿਆਨ ਦਿਤਾ ਹੈ। ਲੇਕਿਨ ਸੱਚ ਇਹ ਹੈ ਕਿ 1979 ਤੱਕ 218 ਅਰਜ਼ੀਆਂ ਤੇ 1979 ਮਈ ਤੱਕ 326 ਅਰਜ਼ੀਆਂ ਦਿਤੀਆਂ ਗਈਆਂ।

ਦਲ ਦੇ ਮੋਰਚੇ ਦਾ ਅਗਲਾ ਪੜਾਅ ਪੰਜਾਬ ਬੰਦ ਜਾਂ ਲੰਮਾ ਮਾਰਚ

ਅੰਮ੍ਰਿਤਸਰ—ਪਾਰਟੀ ਵਸੀਲਿਆਂ ਦਾ ਕਹਿਣਾ ਹੈ ਕਿ ਐਨ ਸੰਭਾਵਨਾ ਹੈ ਕਿ ਦਲ ਦੇ ਮੋਰਚੇ ਦੇ ਅਗਲੇ ਪੜਾਅ ਵਿਚ ਅੰਮ੍ਰਿਤਸਰ ਤੋਂ ਦਿੱਲੀ ਤਕ ਲੰਮਾ ਮਾਰਚ ਜਾਂ ਪੰਜਾਬ 'ਬੰਦ' ਹੋਵੇਗਾ, ਸੰਤ ਲੌਂਗੋਵਾਲ ਨੇ ਇਹ ਗਲ ਮੰਨੀ ਹੈ ਕਿ ਦਲ ਦੇ ਅਹੁਦੇਦਾਰ "ਮੋਰਚੇ ਦੀ ਧੀਮੀ ਰਫਤਾਰ ਤੋਂ ਅਸੰਤੁਸ਼ਟ ਹਨ" ਅਤੇ ਕਿਹਾ ਹੈ ਕਿ ਮੋਰਚੇ ਨੂੰ ਹੋਰ ਤੇਜ਼ ਕੀਤਾ ਜਾਏਗਾ।

ਗੁਰੂ ਨਾਨਕ ਨਿਵਾਸ ਦੇ ਵਸੀਲਿਆਂ ਅਨੁਸਾਰ ਦੋਹਵੇਂ ਸੰਤ ਲੀਡਰ, ਇਕ ਦੂਜੇ ਨਾਲ ਰੋਜ਼ਾਨਾ ਸੰਪਰਕ ਕਾਇਮ ਕਰਨ ਉਤੇ ਸਹਿਮਤ ਹੋ ਗਏ ਹਨ

'ਕੈਨੇਡਾ ਦਰਪਣ' ਦਾ ਪਹਿਲਾ ਸਾਲਾਨਾ ਅੰਕ ਤੇ ਦੀਵਾਲੀ ਅੰਕ 4 ਨਵੰਬਰ ਨੂੰ


ਵਪਾਰੀ ਵੀਰ ਅੱਜ ਹੀ ਐਡਵਰਟਾਈਜ਼ਮੈਂਟ ਲਈ ਥਾਂ ਰਾਖਵੀਂ ਕਰ ਲੈਣ।

ਮੈਟਰ 1 ਨਵੰਬਰ ਤੱਕ ਪਹੁੰਚਣਾ ਜ਼ਰੂਰੀ ਹੈ। ਇਹ ਦੋ ਰੰਗਾ ਸ਼ਾਨਦਾਰ ਅਤੇ ਯਾਦਗਾਰੀ ਅੰਕ ਹੋਵੇਗਾ।

ਪੰਜਾਬ ਦਰਪਣ

ਪੰਜਾਬ ਵਿਚ ਮੁਕੰਮਲ ਸ਼ਾਂਤੀ

ਦਰਬਾਰਾ ਸਿੰਘ ਦੀ ਵਜ਼ਾਰਤ ਦੀ ਗੱਡੀ ਪੰਚਰ ਹੋ ਗਈ



ਨਵੀਂ ਦਿੱਲੀ—ਪੰਜਾਬ ਵਿਚ ਹਿੰਸਾਤਮਕ ਕਾਰਵਾਈਆਂ ਤੇ ਕਾਬੂ ਨਾ ਪਾ ਸਕਣ ਕਾਰਨ ਦਰਬਾਰਾ ਸਿੰਘ ਵਜ਼ਾਰਤ ਨੂੰ ਛੁੱਟੀ ਹੋ ਗਈ ਹੈ ਅਤੇ ਪੰਜਾਬ ਐਸੰਬਲੀ ਸਸਪੈਂਡ ਕਰ ਦਿਤੀ ਗਈ ਹੈ ।

ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਹੈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਪੂਰਥਲੇ ਵਿਚ ਹੋਏ ਛੇ ਕਤਲਾਂ ਨੂੰ ਮੁੱਖ ਰੱਖਦਿਆਂ ਰਾਸ਼ਟਰਪਤੀ ਰਾਜ ਦਾ ਐਲਾਨ ਕਰ ਦਿਤਾ । ਕਪੂਰਥਲੇ ਵਿਚ ਇਕ ਫਿਰਕੇ ਦੇ ਛੇ ਵਿਅਕਤੀਆਂ ਨੂੰ ਬਿਨਾਂ ਵਜ਼ਾ ਕਤਲ ਕੀਤੇ ਜਾਣ ਤੇ ਸਾਰੇ ਪੰਜਾਬ ਵਿਚ ਹਾਹਾਕਾਰ ਮੱਚ ਗਈ ਜਿਸਦੇ ਫਲਸਰੂਪ ਇਕ ਦਮ ਕੇਂਦਰੀ ਪੁਲਸ ਪੰਜਾਬ ਵਿਚ ਭੇਜ ਦਿੱਤੀ ਗਈ । ਉਸਦੀ ਮਦਦ ਲਈ ਅਰਧ ਸੈਨਿਕ ਟੁਕੜੀਆਂ ਵੀ ਭੇਜੀਆਂ ਗਈਆਂ ਹਨ । ਕੇਂਦਰ ਸਰਕਾਰ ਨੇ ਪੰਜਾਬ ਅਤੇ ਚੰਡੀਗੜ੍ਹ ਨੂੰ ਅਸ਼ਾਂਤ ਖੇਤਰ ਕਰਾਰ ਦੇ ਦਿੱਤਾ ਹੈ ਅਤੇ ਪੁਲਸ ਨੂੰ ਗੋਲੀ ਮਾਰਨ, ਗ੍ਰਿਫਤਾਰੀਆਂ ਕਰਨ, ਅਤੇ ਵਾਰੰਟ ਤੋਂ ਬਗੈਰ ਤਲਾਸ਼ੀ ਲੈਣ ਦੇ ਅਧਿਕਾਰ ਵੀ ਦੇ ਦਿਤੇ ਹਨ । ਇਕ ਖਬਰ ਅਨੁਸਾਰ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਵੀ ਪੁਲਸ ਨੇ ਘੇਰਾ ਪਾ ਲਿਆ ਹੈ । ਪਿਛਲੇ ਸ਼ੁਕਰਵਾਰ ਪੰਜਾਬ ਦੇ 80 ਫੀ ਸਦੀ ਵਪਾਰੀਆਂ ਨੇ ਦੁਕਾਨਾਂ ਬੰਦ ਕਰਕੇ ਕਪੂਰਥਲੇ ਵਿਚ ਹੋਈ ਘਟਨਾ ਦਾ ਰੋਸ ਮਨਾਇਆ ਜਿਸ ਵਿਚ ਹਿੰਦੂ ਅਤੇ ਸਿਖ ਦੋਵਾਂ ਨੇ ਭਾਗ ਲਿਆ । ਹੜਤਾਲ ਸ਼ਾਂਤੀ ਪੂਰਬਕ ਰਹੀ ।

ਸ਼ੋਕ ਸਮਾਚਾਰ — ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਤੇ ਨਾਵਲਿਸਟ ਸ੍ਰ: ਬੂਟਾ ਸਿੰਘ ਦਾ ਦਿੱਲੀ ਵਿਚ ਦੇਹਾਂਤ ਹੋ ਗਿਆ ਹੈ । ਜਲੰਧਰ ਦੇ ਸਾਹਿਤਕਾਰ ਪ੍ਰੋ: ਬਲਬੀਰ ਸਿੰਘ ਵੀ ਪੰਜਾਬੀ ਪਾਠਕਾਂ ਨੂੰ ਵਿਛੋੜਾ ਦੇ ਗਏ ਹਨ । 'ਕੈਨੇਡਾ ਦਰਪਣ' ਦੋਵਾਂ ਸਾਹਿਤਕਾਰਾਂ ਦੇ ਪਰਵਾਰਾਂ ਦੇ ਦੁੱਖ ਵਿਚ ਸ਼ਾਮਲ ਹੈ ।

ਪੰਜਾਬ ਪੁਲਸ ਵਿਚ ਰੱਦੋ-ਬਦਲ -- 4 ਜ਼ਿਲਿਆਂ ਦੇ ਮੁਖੀ ਤਬਦੀਲ

ਚੰਡੀਗੜ੍ਹ—ਪੰਜਾਬ ਪੁਲੀਸ ਦੇ ਸੂਬਾ ਹੈਡਕੁਆਟਰ ਦੇ ਇਕ ਐਲਾਨ ਮੁਤਾਬਿਕ ਇਕ ਵੱਡੀ ਰੱਦੋ-ਬਦਲ ਵਜੋਂ ਚਾਰ ਜ਼ਿਲਿਆਂ ਦੇ ਜ਼ਿਲਾ ਪੁਲੀਸ ਮੁਖੀਆਂ ਨੂੰ ਬਦਲਕੇ ਹੋਰ ਵਿਭਾਗਾਂ ਵਿਚ ਭੇਜ ਦਿਤਾ ਗਿਆ ਹੈ ਅਤੇ ਸਰਕਾਰੀ ਸੂਤਰਾਂ ਮੁਤਾਬਿਕ ਜ਼ਿਲਿਆਂ ਅਤੇ ਸੂਬਾ ਹੈਡਕੁਆਟਰ ਵਿਚ ਪੁਲਸ ਢਾਂਚੇ ਵਿਚ ਹੋਰ ਤਬਦੀਲੀ ਕੀਤੀ ਜਾਏਗੀ । ਇਸ ਰੱਦ-ਬਦਲ ਤੋਂ ਪ੍ਰਭਾਵਤ ਜ਼ਿਲਿਆਂ ਵਿਚ ਅੰਮ੍ਰਿਤਸਰ, ਲੁਧਿਆਣਾ, ਫਿਰੋਜ਼ਪੁਰ ਤੇ ਬਠਿੰਡਾ ਸ਼ਾਮਲ ਹਨ ।

ਅੰਮ੍ਰਿਤਸਰ ਦੇ ਐਸ. ਐਸ. ਪੀ. ਸਰਬਜੀਤ ਸਿੰਘ ਨੂੰ ਰੇਲਵੇ ਵਿਚ ਏ. ਆਈ. ਜੀ. ਬਣਾ ਦਿਤਾ ਗਿਆ ਹੈ, ਜਿਨ੍ਹਾਂ ਦੀ ਥਾਂ ਅਜੀਪਾਲ ਸਿੰਘ ਮਾਨ ਨੂੰ ਲਾਇਆ ਗਿਆ ਹੈ ।

ਲੁਧਿਆਣਾ ਪੁਲੀਸ ਮੁਖੀ ਡੀ. ਆਰ. ਭੱਟੀ, ਜੋ ਕਿ ਹਸਪਤਾਲ ਵਿਚ ਦਾਖਲ ਹਨ, ਨੂੰ ਪੰਜਾਬ ਆਰਮਡ ਪੁਲੀਸ(ਪੀ. ਏ.ਪੀ.) ਜਲੰਧਰ ਵਿਚ ਭੇਜ ਦਿਤਾ ਗਿਆ ਹੈ ਜਿਨ੍ਹਾਂ ਦੀ ਥਾਂ ਦਲਜੀਤ ਸਿੰਘ ਭੁਲਰ ਨੂੰ ਲਾਇਆ ਗਿਆ ਹੈ । ਏ. ਸੀ. ਸ਼ਰਮਾ ਨੂੰ ਜੀ. ਐਸ. ਭੁਲਰ ਦੀ ਥਾਂ ਐਸ. ਐਸ. ਪੀ. ਲਾਇਆ ਗਿਆ ਹੈ । ਡੀ. ਐਸ. ਮੋਹੀ ਗੁਰਿੰਦਰ ਸਿੰਘ ਭੁਲਰ ਦੀ ਥਾਂ ਬਠਿੰਡਾ ਦੇ ਨਵੇਂ ਐਸ. ਐਸ. ਪੀ. ਹੋਣਗੇ ਤੇ ਸ੍ਰੀ ਭੁਲਰ ਟਰੈਫਿਕ ਵਿਚ ਏ. ਆਈ. ਜੀ. ਹੋਣਗੇ ।

62 ਲੱਖ ਦੀ ਚਾਂਦੀ ਫੜੀ

ਅੰਮ੍ਰਿਤਸਰ—ਪਿਛਲੇ ਕੁਝ ਦਿਨਾਂ ਵਿਚ ਬੀ. ਐਸ. ਐਫ. ਨੇ ਵੱਖ ਵੱਖ ਥਾਵਾਂ ਤੋਂ 62 ਲੱਖ ਰੁਪਏ ਦੇ ਮੁੱਲ ਦੀ ਚਾਂਦੀ ਫੜੀ ਹੈ ਜਿਹੜੀ ਕਿ ਸਮਗਲਰਾਂ ਨੇ ਪਾਕਿਸਤਾਨ ਭੇਜਣ ਲਈ ਰਖੀ ਹੋਈ ਸੀ । ਇਸ ਦੇ ਨਾਲ ਹੀ ਅਜਨਾਲਾ ਦੇ ਨੇੜੇ 6 ਲੱਖ ਰੁਪਏ ਦੇ ਮੁੱਲ ਦੀ ਚਰਸ ਅਤੇ 50 ਹਜ਼ਾਰ ਰੁਪਏ ਦੇ ਮੁੱਲ ਦੀ ਅਫੀਮ ਵੀ ਫੜੀ ਹੈ । ਪੁਲਸ ਇਸ ਸਬੰਧ ਵਿਚ ਦੋ ਉੱਘੇ ਸਮਗਲਰਾਂ ਦੇ ਗਰੋਹ ਦੇ ਮੈਂਬਰਾਂ ਤੋਂ ਪੁਛ ਗਿਛ ਕਰ ਰਹੀ ਹੈ ।

ਅੰਮ੍ਰਿਤਸਰ ਜ਼ਿਲੇ 'ਚ 9 ਔਰਤਾਂ ਸਰਪੰਚ ਬਣੀਆਂ

ਅੰਮ੍ਰਿਤਸਰ—ਪੰਜਾਬ ਵਿਚ 21 ਤੋਂ 30 ਸਤੰਬਰ ਤੱਕ ਦਸ ਦਿਨਾਂ ਪੰਚਾਇਤੀ ਚੋਣਾਂ ਵਿਚ ਅੰਮ੍ਰਿਤਸਰ ਜ਼ਿਲੇ 'ਚ 9 ਔਰਤਾਂ ਅਤੇ 21 ਹਰੀਜ਼ਨ ਸਰਪੰਚ ਬਣੇ ਹਨ । ਇਸ ਜ਼ਿਲੇ ਦੀਆਂ ਚੋਣਾਂ ਮੁਕੰਮਲ ਹੋ ਚੁਕੀਆਂ ਹਨ, ਜਿਹਨਾਂ ਵਿਚੋਂ 213 ਪੰਚਾਇਤਾਂ ਦੀ ਚੋਣ ਸਰਵ ਸੰਮਤੀ ਨਾਲ ਹੋਈ । ਚਾਰ ਪੰਚਾਇਤਾਂ ਦੀ ਚੋਣ ਝਗੜਿਆਂ ਕਾਰਨ ਮੁਲਤਵੀ ਕਰਨੀ ਪਈ ਹੈ ਅਤੇ ਦੋ ਪੰਚਾਇਤਾਂ ਦੇ ਚੋਣ ਨਤੀਜੇ ਰੋਕ ਲਏ ਗਏ ਹਨ ।

ਇਹ ਲੁਧਿਆਣਾ ਹੈ ਟੈਂਪੂਆਂ ਟਰੱਕਾਂ ਦੀ ਵਾਰੀ ਆਈ

ਲੁਧਿਆਣਾ—ਪੰਜਾਬ ਸਰਕਾਰ ਨੇ 15 ਅਕਤੂਬਰ ਤਕ ਸ਼ਹਿਰ ਵਿਚ ਮੌਜੂਦ ਸਾਰੀਆਂ ਬੁਕਿੰਗ ਏਜੰਸੀਆਂ ਨੂੰ ਸ਼ਹਿਰੋਂ ਬਾਹਰ ਟਰਾਂਸਪੋਰਟ ਨਗਰ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ ।

ਦੁਧ ਦੀਆਂ ਡੇਅਰੀਆਂ ਸ਼ਹਿਰੋਂ ਬਾਹਰ ਲੈ ਜਾਣ ਤੋਂ ਬਾਦ ਸ਼ਹਿਰ ਦੀ ਸਫਾਈ ਤੇ ਆਵਾਜਾਈ ਦੀ ਰੁਕਾਵਟ ਨੂੰ ਖਤਮ ਕਰਨ ਲਈ ਇਹ ਦੂਜਾ ਵੱਡਾ ਕਦਮ ਚੁਕਿਆ ਜਾ ਰਿਹਾ ਹੈ । 15 ਅਕਤੂਬਰ ਤੋਂ ਬਾਦ ਕੋਈ ਵੀ ਟਰੱਕ ਜਾਂ ਟੈਂਪੂ ਸ਼ਹਿਰ ਵਿਚ ਵਿਖਾਈ ਨਹੀਂ ਦੇਵੇਗਾ । ਇਸ ਸਮੇਂ ਸ਼ਹਿਰ ਵਿਚ ਦੋ ਸੌ ਤੋਂ ਵੱਧ ਟਰੱਕ ਏਜੰਸੀਆਂ ਹਨ ਜਿਹਨਾਂ ਅਗੇ ਟਰੱਕਾਂ ਦੀ ਭੀੜ ਲਗੀ ਰਹਿੰਦੀ ਹੈ । ਲੁਧਿਆਣੇ ਤੋਂ ਬਾਦ ਦੂਜੇ ਨਗਰ ਨਿਗਮਾਂ ਅਤੇ ਸ਼ਹਿਰਾਂ ਵਿਚੋਂ ਵੀ ਬੁਕਿੰਗ ਏਜੰਸੀਆਂ ਬਾਹਰ ਲੈਜਾਈਆਂ ਜਾਣਗੀਆਂ ।

ਸੀਨੀਅਰ ਪੁਲਸ ਅਫਸਰਾਂ ਲਈ ਬੁਲਿਟ ਪਰੂਫ ਜੈਕਟਾਂ

ਲੁਧਿਆਨਾ — ਪਤਾ ਲਗਾ ਹੈ ਕਿ ਪੰਜਾਬ ਦੇ ਸਾਰੇ ਸੀਨੀਅਰ ਪੁਲਸ ਅਫਸਰਾਂ ਨੂੰ ਅਮਰੀਕੀ ਪੈਟਰਨ ਉਤੇ ਬੁਲਿਟ ਪਰੂਫ ਜੈਕਟਾਂ ਦਿਤੀਆਂ ਜਾਣਗੀਆਂ । ਜਿਲ੍ਹਾ ਪੁਲੀਸ ਮੁਖੀਆਂ ਨੂੰ ਟੈਲੀਵੀਜਨ ਸਹੂਲਤ ਦਿਤੀ ਜਾਏਗੀ ਅਤੇ ਉਹਨਾਂ ਦੇ ਦਫਤਰਾਂ ਦੁਆਲੇ ਸਵੈਚਾਲਕ ਕੈਮਰੇਫਿੱਟ ਕੀਤੇ ਜਾਣਗੇ। ਸੀਨੀਅਰ ਪੁਲੀਸ ਅਫਸਰਾਂ ਦੇ ਗਨਮੈਨਾਂ ਤੇ ਡਰਾਈਵਰਾਂ ਨੂੰ ਸਟੇਨ ਗੰਨਾਂ ਦਿਤੀਆਂ ਜਾਣ ਗੀਆਂ।

ਜਗੂਆਰ ਵਿਚ ਹੋਰ ਸੁਧਾਰ ਹੋਏਗਾ

ਅੰਬਾਲਾ—ਭਾਰਤੀ ਹਵਾਈ ਸੈਨਾ ਵਲੋਂ ਜਗੂਆਰ ਲੜਾਕੂ ਜਹਾਜ਼ ਉਤੇ ਆਧੁਨਿਕ ਰਾਡਾਰ ਅਤੇ ਇਕ ਭਵਿਖਵਾਦੀ ਜਹਾਜ਼ਰਾਨੀ ਹਮਲਾ ਸਿਸਟਮ ਫਿਟ ਕਰਕੇ ਇਸ ਨੂੰ ਹੋਰ ਸੁਧਾਰਿਆ ਜਾ ਰਿਹਾ ਹੈ । ਜਗੂਆਰ ਜਿਹੜੇ ਹਿੰਦੁਸਤਾਨ ਐਰੋਨੌਟਿਕਸ ਵਿਖੇ ਬਣਾਏ ਜਾ ਰਹੇ ਹਨ, ਨਾਲ ਥਾਂਪਸਨ ਸੀ. ਐਸ. ਐਫ. ਅਗੇਵ ਰਾਡਾਰ ਫਿਟ ਕੀਤੇ ਜਾਣਗੇ, ਜਿਸ ਨਾਲ ਜਗੂਆਰ ਦੀ ਹਵਾ ਵਿਚੋਂ ਹਵਾ ਵਿਚ ਮਾਰ ਕਰਨ ਅਤੇ ਸਮੁੰਦਰੀ ਜਹਾਜ਼ ਉਤੇ ਮਾਰ ਕਰਨ ਦੀ ਸਮਰਥਾ ਵਿਚ ਚੋਖਾ ਸੁਧਾਰ ਹੋਵੇਗਾ । ਸਮੁੰਦਰੀ ਹਮਲੇ ਦੀ ਸਮਰਥਾ ਨਾਲ ਭਾਰਤੀ ਜਗੂਆਰ, ਇਸ ਦੇ ਸਪਲਾਇਰ ਬਰਤਾਨੀਆਂ ਦੇ ਜਗੂਆਰ ਨਾਲੋਂ ਕਿਤੇ ਜ਼ਿਆਦਾ ਵਧੀਆ ਬਣ ਜਾਵੇਗਾ ।

ਰਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਜਗੂਆਰ ਨਾਲ ਫਰਾਂਸੀਸੀ ਐਗਜ਼ੋਸੈਟ ਏ. ਐਮ. 39 ਐਂਟੀ ਮਿਜ਼ਾਇਲ ਜਾਂ ਨਵੀਨਤਮ ਬਰਤਾਨਵੀ ਸੀ ਈਗਲ ਫਿਟ ਕਰਨ ਦੀ ਯੋਜਨਾ ਨੂੰ ਅੰਤਮ ਰੂਪ ਦਿਤਾ ਜਾ ਰਿਹਾ ਹੈ ।

ਪੰਜਾਬ ਲਈ 4 ਹੋਰ ਬਿਜਲੀ ਘਰ

ਜਲੰਧਰ—ਕੇਂਦਰ ਸਰਕਾਰ ਨੇ ਪੰਜਾਬ ਲਈ ਚਾਰ ਹੋਰ ਮਾਈਕਰੋ ਪ੍ਰਾਜੈਕਟਾਂ ਦੀ ਮਨਜ਼ੂਰੀ ਦੇ ਦਿੱਤੀ ਹੈ । ਮੁਕੇਰੀਆ ਪ੍ਰਾਜੈਕਟ ਚਾਲੂ ਹੋਣ ਨਾਲ ਹੁਣ ਪੰਜਾਬ ਵਿਚ ਬਿਜਲੀ ਦਾ ਸੰਕਟ ਕੁਝ ਹੱਦ ਤੱਕ ਹਲ ਹੋਣ ਦੀ ਸੰਭਾਵਨਾ ਬਣ ਗਈ ਹੈ ।

ਮੁਕੇਰੀਆ ਹਾਈਡਲ ਪ੍ਰਾਜੈਕਟ ਉਤੇ ਕੰਮ ਕਰਦੇ ਕਿਸੇ ਵੀ ਮੁਲਾਜ਼ਮ ਦੀ ਛਾਂਟੀ ਨਹੀਂ ਕੀਤੀ ਜਾਵੇਗੀ । ਪੰਜਾਬ ਸਰਕਾਰ ਪੰਜਾਬ ਵਿਚ ਬਿਜਲੀ ਸੰਕਟ ਹਲ ਕਰਨ ਤੁਰੰਤ ਹੀ ਦੋ ਹੋਰ ਬਿਜਲੀ ਘਰਾਂ ਦੀ ਉਸਾਰੀ ਸ਼ੁਰੂ ਕਰ ਰਹੀ ਹੈ ।

ਮੋਰਚਾ ਢਿੱਲਾ ਨਹੀਂ ਪਿਆ—ਦਲ

ਅੰਮ੍ਰਿਤਸਰ—ਅਕਾਲੀ ਦਲ ਦੇ ਮੁਖ ਦਫਤਰ ਤੋਂ ਜਾਰੀ ਕੀਤੇ ਇਕ ਬਿਆਨ ਰਾਹੀਂ ਦਲ ਦੇ ਸਕਤਰ ਸ੍ਰ: ਗੁਰਚਰਨ ਸਿੰਘ ਨੇ ਕੁਝ ਅਖਬਾਰਾਂ ਵਿਚ ਪ੍ਰਕਾਸ਼ਿਤ ਇਸ ਖਬਰ ਨੂੰ ਸ਼ਰਾਰਤਪੂਰਨ ਅਤੇ ਗੁਮਰਾਹ ਕਰਨ ਵਾਲੀ ਕਿਹਾ ਹੈ, ਜਿਸ ਵਿਚ ਅਕਾਲੀ ਮੋਰਚੇ ਦੇ ਢਿੱਲੇ ਪੈਣ ਦੀ ਗੱਲ ਕੀਤੀ ਸੀ । ਸ: ਗੁਰਚਰਨ ਸਿੰਘ ਨੇ ਕਿਹਾ, ਇਹ ਖਬਰ ਬਿਲਕੁਲ ਝੂਠੀ ਤੇ ਕਿਸੇ ਸ਼ਰਾਰਤੀ ਦਿਮਾਗ ਦੀ ਉਪਜ ਹੈ । ਸ੍ਰੀ ਗੁਰਚਰਨ ਸਿੰਘ ਨੇ ਦਾਅਵਾ ਕੀਤਾ ਕਿ ਮੋਰਚੇ ਵਿਚ ਕਿਸੇ ਪ੍ਰਕਾਰ ਦੀ ਕਮਜ਼ੋਰੀ ਨਹੀਂ ਆਈ ਅਤੇ ਦੋ ਮਹੀਨੇ ਤੱਕ ਦੇ ਜਥੇ ਪਹਿਲਾਂ ਹੀ ਤਰੀਕਾਂ ਲੈ ਕੇ ਜਾ ਚੁਕੇ ਹਨ । ਸ੍ਰ: ਗੁਰਚਰਨ ਸਿੰਘ ਨੇ ਕਿਹਾ ਕਿ ਪੰਚਾਇਤੀ ਚੋਣਾਂ ਵਿਚ ਕਾਂਗਰਸ ਨੂੰ ਲੱਕ ਤੋੜਵੀਂ ਹਾਰ ਦੇਣ ਅਤੇ ਪੰਚਾਇਤਾਂ ਵਿਚ ਅਕਾਲੀ ਤੇ ਪੰਥਕ ਵਿਚਾਰਾਂ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਪਿੰਡਾਂ ਦੇ ਜਥਿਆਂ ਨੂੰ 30 ਸਤੰਬਰ ਤਕ ਛੋਟ ਦਿਤੀ ਗਈ ਸੀ ਅਤੇ ਸ਼ਹਿਰੀ ਅਕਾਲੀ ਜਥਿਆਂ ਨੂੰ ਵਕਤ ਦਿਤਾ ਗਿਆ ।

ਇੰਦੂ ਅਨੰਦ ਪੀ. ਜੀ. ਆਈ. ਵਿਚ ਦਾਖਲ

ਚੰਡੀਗੜ੍ਹ—ਬੀ. ਐਸ. ਐਫ. ਦੇ ਡੀ. ਆਈ. ਜੀ. ਜੇ. ਐਸ. ਅਨੰਦ ਦੇ ਕਥਿਤ ਕਤਲ ਦੇ ਸਬੰਧ ਵਿਚ ਗ੍ਰਿਫਤਾਰ ਤੇ ਹੁਣ ਅੰਬਾਲਾ ਕੇਂਦਰੀ ਜੁਡੀਸ਼ਲ ਹਵਾਲਾਤ ਵਿਚ ਬੰਦ ਉਹਨਾਂ ਦੀ ਪਤਨੀ ਸ੍ਰੀਮਤੀ ਇੰਦੂ ਅਨੰਦ ਨੂੰ ਇਥੇ ਪੀ. ਜੀ. ਆਈ. ਦਾਖਲ ਕਰਾਇਆ ਗਿਆ ਹੈ, ਪੀ. ਜੀ. ਆਈ. ਡਾਕਟਰਾਂ ਨੇ ਉਹਨਾਂ ਨੂੰ ਪ੍ਰਾਈਵੇਟ ਵਾਰਡ ਵਿਚ ਦਾਖਲ ਕਰਨ ਤੋਂ ਪਹਿਲਾਂ ਲਗਾਤਾਰ ਦੋ ਦਿਨ ਮੁਆਇਨਾ ਕੀਤਾ । ਪਿਛਲੇ ਹਫਤੇ ਉਹਨਾਂ ਦੇ ਵਕੀਲ ਨੇ ਬੇਨਤੀ ਕੀਤੀ ਸੀ ਕਿ ਸ੍ਰੀਮਤੀ ਇੰਦੂ ਅਨੰਦ ਦਾ ਡਾਕਟਰੀ ਮੁਆਇਨਾ ਕੀਤਾ ਜਾਣਾ ਚਾਹੀਦਾ ਹੈ । ਕਿਉਂਕਿ ਉਹਨਾਂ ਦਾ ਭਾਰ ਘਟ ਰਿਹਾ ਹੈ ਵਕੀਲ ਨੇ ਅਦਾਲਤ ਨੂੰ ਦਸਿਆ ਕਿ ਸ੍ਰੀਮਤੀ ਅਨੰਦ ਟੀ. ਬੀ. ਦੇ ਮਰੀਜ਼ ਹਨ ।

ਬਾਕੀ ਸਫਾ 4 ਦੀ

'ਹਾਂ, ਉਹ ਜਰੂਰ ਮੁਢਲੀ ਗੱਲ ਏ। ਕਿਉਂਕਿ ਅਕਾਲੀਆਂ ਦੀਆਂ ਸਾਰੀਆਂ ਮੰਗਾਂ—ਯਾਨੀ ਪਾਣੀ ਦੀ ਮੰਗ ਸਨਅਤਾਂ ਦੀ ਮੰਗ, ਬਿਜਲੀ ਦੀ ਮੰਗ, ਚੰਡੀਗੜ੍ਹ ਦੀ ਮੰਗ — ਨਾਲ ਸਿਰਫ ਸਿੱਖਾਂ ਨੂੰ ਹੀ ਫਾਇਦਾ ਤਾਂ ਨਹੀਂ ਨਾ ਹੋਣਾ। ਫਾਇਦਾ ਪੰਜਾਬੀਆਂ ਨੂੰ ਹੋਣਾ ਏ, ਸਿੱਖਾਂ ਤੇ ਹਿੰਦੂਆਂ ਨੂੰ ਬਰਾਬਰ। ਸੋ ਜਦੋ-ਜਹਿਦ ਵੀ ਸਾਂਝੀ ਹੀ ਹੋਣੀ ਚਾਹੀਦੀ ਏ।'

0 0 0

ਡਾਕਟਰ ਗੋਪਾਲ ਸਿੰਘ ਦਰਦੀ ਦੇ ਘਰ ਚਾਲ੍ਹੀ ਕੁ ਇੰਟਿਲੈਕਚੁਅਲਜ਼ ਤੇ ਦਿੱਲੀ ਵਿਚ ਵੱਸਦੇ ਉੱਘੇ ਪੰਜਾਬੀ ਰਲ ਬੈਠੇ ਨੇ, ਸਮੱਸਿਆ ਦਾ ਹੱਲ ਲੱਭਣ ਲਈ । ਉਹ ਵੀ ਸਾਰੇ 'ਪਦਯਾਤਰਾ' ਕਰਨ ਦੀ ਸੋਚ ਰਹੇ ਨੇ, ਅੰਮ੍ਰਿਤਸਰ ਨੂੰ ।

ਇਕ ਰੈਜ਼ੋਲਿਊਸ਼ਨ ਪੇਸ਼ ਹੁੰਦਾ ਏ। ਡਰਾਫਟ ਸ਼ਾਇਦ ਡਾਕਟਰ ਗੋਪਾਲ ਸਿੰਘ ਨੇ ਹੀ ਬਣਾਇਆ ਏ । ਚੰਦਰਜੀਤ ਯਾਦਵ ਕਹਿੰਦਾ ਏ, 'ਇਸ ਡਰਾਫਟ ਵਿਚ ਸਿਰਫ ਆਜ਼ਾਦੀ ਦੇ ਸੰਗਰਾਮ ਵਿਚ ਤੇ ਪੰਜਾਬੀ ਦੀ ਉਸਾਰੀ ਵਿਚ ਸਿਖਾਂ ਦੇ ਰੋਲ 'ਤੇ ਰੌਸ਼ਨੀ ਪਾਈ ਗਈ ਏ। ਇਸ ਗਲ ਦਾ ਕਿਸਨੂੰ ਨਹੀਂ ਪਤਾ ? ਲੋੜ ਤਾਂ ਇਹ ਐ ਕਿ ਅਸੀਂ ਰਲ ਕੇ ਕੋਈ ਹੱਲ ਸੋਚੀਏ ।'

ਜਨਰਲ ਅਰੋੜਾ, ਬੰਗਲਾ ਦੇਸ਼ ਦੀ ਲੜਾਈ ਵਿਚ ਜਿਸਨੇ ਜੌਹਰ ਵਿਖਾਏ ਹਨ, ਝੁੰਜਲਾਈ ਹੋਈ ਆਵਾਜ਼ ਵਿਚ ਆਖਦਾ ਏ, 'ਅੱਜਕੱਲ੍ਹ ਤਾਂ ਇਹ ਜਿਹੜਾ ਇਕ ਨਵਾਂ ਕਲਚਰ ਸ਼ੁਰੂ ਹੋਇਆ ਏ ਹਿੰਦੁਸਤਾਨ ਵਿਚ ਈਲੈਕਸ਼ਨਾਂ ਦਾ ਕਲਚਰ, ਉਹਦੇ ਮੁਤਾਬਿਕ ਹੀ ਸਾਰੀ ਖੇਡ ਖੇਡੀ ਜਾ ਰਹੀ ਏ ਉਹਦੇ ਵਿਚ ਤੁਸੀਂ ਤੇ ਮੈਂ ਕੀ ਕਰ ਸਕਨੇ ਆਂ ? ਸਮੱਸਿਆ ਦੇ ਹੱਲ ਲੱਭਣ ਵਿਚ ਕੋਈ ਵੀ ਦਿਲਚਸਪੀ ਨਹੀਂ ਰੱਖਦਾ, ਕੋਈ ਵੀ ਪਾਲਿਟੀਸ਼ੀਅਨ । ਸਭ ਨੂੰ ਵੋਟਾਂ ਦੀ ਚਿੰਤਾ ਏ । ਕੋਈ ਵੀ ਹੱਲ ਨਹੀਂ ਲੱਭਿਆ ਜਾਵੇਗਾ ਜਦ ਤੱਕ ਜੰਮੂ ਕਸ਼ਮੀਰ ਵਿਚ ਚੋਣਾ ਨਹੀਂ ਹੁੰਦੀਆਂ । ਜੇ ਮਿਸਿਜ਼ ਗਾਂਧੀ ਉਸ ਤੋਂ ਪਹਿਲੋਂ ਪੰਜਾਬ ਦੀ ਸਮੱਸਿਆ ਦਾ ਕੋਈ ਹੱਲ ਕਰ ਲਵੇ, ਤਾਂ ਜੰਮੂ ਦੀਆਂ ਹਿੰਦੂ ਵੋਟਾਂ ਕਿਸ ਤਰ੍ਹਾਂ ਮਿਲਣਗੀਆਂ ?'

ਪ੍ਰੋਫੈਸਰ ਅਮਰੀਕ ਸਿੰਘ ਕਹਿੰਦੇ ਨੇ, 'ਹਿੰਦੂ ਸਿੱਖ ਮਿਲਾਪ ਬਾਰੇ ਤੁਸੀਂ ਸੋਚ ਰਹੇ ਓ, ਏਥੇ ਇਸੇ ਕਮਰੇ ਵਿਚ ਬੈਠੇ ਹੋਏ । ਪਾਲਿਟਿਸ਼ੀਅਨ ਤਾਂ ਸਗੋਂ ਇਸੇ ਗੱਲ ਵਿਚ ਖੁਸ਼ ਨੇ ਕਿ ਦੋਵੇਂ ਆਪਸ ਵਿਚ ਲੜਨ । ਸਿਰਫ ਜੰਮੂ ਵਿਚ ਹੀ ਨਹੀਂ, ਪੰਜਾਬ ਵਿਚ, ਹਰਿਆਣੇ ਵਿਚ, ਹਰ ਥਾਂ 'ਤੇ ਹਿੰਦੂ ਵੋਟਾਂ 'ਤੇ ਇਸ ਤਰ੍ਹਾਂ ਕਬਜ਼ਾ ਪੱਕਾ ਹੋ ਰਿਹਾ ਏ । ਕੀ ਮਾੜਾ ਏ ਸੌਦਾ ? ਬੀਬੀ ਜੀ ਨੂੰ ਬੜਾ ਇਤਮੀਨਾਨ ਏ ਇਹਦਾ ।'

'ਪਰ ਹੁਣ ਤਾਂ ਮਿਸਿਜ਼ ਗਾਂਧੀ ਨੇ ਅਕਾਲੀ ਲੀਡਰਾਂ ਨੂੰ ਬੁਲਾਇਆ ਏ ਗੱਲਬਾਤ ਲਈ । ਉਹਨਾਂ ਨੇ ਕਿਧਰੇ ਆਪਣੀ ਤਕਰੀਰ ਵਿਚ ਐਲਾਨ ਕੀਤਾ ਏ :'

'ਤਕਰੀਰ ਵਿਚ ਐਲਾਨ ਕੀਤਿਆਂ ਅੱਜ ਪੰਦਰਾਂ ਦਿਨ ਹੋ ਗਏ ਨੇ । ਮੈਂ ਕੱਲ੍ਹ ਆਇਆ ਅੰਮ੍ਰਿਤਸਰ ਤੋਂ ਅਜੇ ਤਕ ਉਹਨਾਂ ਕੋਲ ਕੋਈ ਚਿੱਠੀ ਨਹੀਂ ਪਹੁੰਚੀ ਮਿਸਿਜ਼ ਗਾਂਧੀ ਦੀ ।'—ਚੰਦਰਜੀਤ ਯਾਦਵ ਕਹਿੰਦਾ ਏ ।

'ਮੈਂ ਨਾ ਅਜੀਤ ਕੌਰ ਨਾਲ ਸਹਿਮਤ ਹਾਂ, ਨਾ ਡਾਕਟਰ ਅਮਰੀਕ ਸਿੰਘ ਨਾਲ । ਇਸ ਤਰ੍ਹਾਂ ਢੇਰੀਆਂ ਢਾਹਿਆਂ ਤੇ ਸਿਨੀਕਲ ਬਣਿਆਂ ਗੱਲ ਨਹੀਂ ਬਣਦੀ । ਮੈਂ ਤਾਂ ਤਿਆਰ ਹਾਂ ਪਦਯਾਤਰਾ 'ਤੇ ਜਾਣ ਲਈ ।'—ਮਨੋਰਮਾ ਦੀਵਾਨ ਕਹਿੰਦੀ ਏ ।

'ਅਸਲ ਵਿਚ ਬੋਲੀਆਂ ਦੇ ਆਧਾਰ 'ਤੇ ਸੂਬਾਈ ਵੰਡ ਕਰਨੀ ਹੀ ਮੁਢਲੀ ਗਲਤੀ ਸੀ ਹਿੰਦੋਸਤਾਨ ਵਿਚ'—ਊਸ਼ਾ ਵਾਸੂਦੇਵ ਕਹਿੰਦੀ ਏ ।

ਹਰਕਿਸ਼ਨ ਸਿੰਘ ਸੁਰਜੀਤ ਅਕਾਲੀ ਜਦੋ-ਜਹਿਦ ਦਾ ਵੀ ਤੇ ਦਿੱਲੀ ਵਿਚ ਹੋਣ ਵਾਲੀਆਂ ਗੱਲਾਂ-ਬਾਤਾਂ ਦੀ ਵਿਸਥਾਰ ਨਾਲ ਵਿਸ਼ਲੇਸ਼ਣ ਕਰਦੇ ਨੇ, ਤੇ ਕਹਿੰਦੇ ਨੇ ' ਹੁਣ ਮੈਂ ਤੁਹਾਨੂੰ ਕੀ ਦੱਸਾਂ । ਤਿੰਨ ਵਾਰੀ ਗੱਲਬਾਤ ਕਿਸੇ ਸਿਰੇ 'ਤੇ ਪਹੁੰਚਦੀ ਪਹੁੰਚਦੀ ਰਹਿ ਗਈ । ਜਾਂ ਤੇ ਅਕਾਲੀਆਂ ਦੀ ਕੋਈ ਮੰਗ ਗਲਤ ਹੋਵੇ, ਤਾਂ ਉਹਨਾਂ ਨੂੰ ਕੋਈ ਕੁਝ ਆਖੇ । ਅਸਲ ਗੱਲ ਤਾਂ ਇਹ ਐ ਕਿ ਬੀਬੀ ਜੀ ਕੋਈ ਫੈਸਲਾ ਕਰਨਾ ਹੀ ਨਹੀਂ ਚਾਹੁੰਦੇ । ਲਟਕਾਈ ਰੱਖਣ ਦੀ ਪੁਰਾਣੀ ਨੀਤੀ । ਜਿਸ ਨੇ ਐਤਕੀਂ ਕੰਮ ਨਹੀਂ ਕਰਨਾ ।'

ਤੇ ਡਾਕਟਰ ਗੋਪਾਲ ਸਿੰਘ ਦੀ ਬੀਵੀ ਇੰਦਰਜੀਤ ਦੇ ਬਣਾਏ ਚੀਜ਼ ਟੋਸਟ ਖਾ ਕੇ ਤੇ ਚਾਹ ਪੀ ਕੇ ਸਾਰੇ ਇਹੀ ਫੈਸਲਾ ਕਰਦੇ ਨੇ ਕਿ ਅਗਲੀ ਮੀਟਿੰਗ ਅਗਲੇ ਹਫਤੇ ਕੀਤੀ ਜਾਵੇ, ਕਿਉਂਕਿ ਇਸ ਮੀਟਿੰਗ ਵਿਚ ਕੋਈ ਠੋਸ ਫੈਸਲਾ ਨਹੀਂ ਹੋ ਸਕਿਆ ।


0 0 0

ਹਰ ਪੰਜਾਬੀ, ਹਰ ਥਾਂ 'ਤੇ ਬੈਠਾ ਹਰ ਪੰਜਾਬੀ, ਅੱਜ ਉਦਾਸ ਏ । ਖਾਸ ਕਰਕੇ ਉਹ ਲੋਕ, ਜਿਹਨਾਂ ਦੇ ਅਹਿਸਾਸ ਤਿਖੇ ਨੇ, ਜਿਨ੍ਹਾਂ ਦੀ ਸੋਚ ਸਾਫ ਏ, ਜਿਹਨਾਂ ਨੂੰ ਸਾਰੀ ਗੱਲ ਦੀ ਸਮਝ ਆਉਂਦੀ ਏ, ਪਜ ਜਿਹੜੇ ਕਰ ਕੁਝ ਨਹੀਂ ਸਕਦੇ । ਕਿਉਂਕਿ ਅੱਜ ਇਸ ਮੁਲਕ ਵਿਚ ਕੋਈ ਫੈਸਲਾ ਕਰਨ ਦਾ ਅਧਿਕਾਰ ਸਿਰਫ ਇਕ ਬੰਦੇ ਕੋਲ ਏ—ਤੇ ਉਹ ਐ ਮਿਸਿਜ਼ ਇੰਦਰਾ ਗਾਂਧੀ ।

ਤੇ ਮੁਲਕ ? ਉਹ ਕਿਸ ਚਿੜੀ ਦਾ ਨਾਂ ਏ ? ਕੀ ਕਿਹਾ ਜੇ, ਜਹੰਨੁਮ ਵਿਚ ਜਾ ਰਿਹਾ ਏ ਮੁਲਕ ? ਤੇ ਜਾਣ ਦਿਓ ਸੂ ਨਾ ਫੇਰ । ਤੁਸੀਂ ਸਰ੍ਹਾਣੇ ਬਾਂਹ ਰੱਖ ਕੇ ਸੌਂਵੋਂ । ਜਿਨ੍ਹਾਂ ਨੇ ਮੁਲਕ ਦਾ ਜ਼ਿੰਮਾ ਲਿਆ ਹੋਇਆ ਏ, ਉਹਨਾਂ ਨੂੰ ਜੇ ਨਹੀਂ ਫਿਕਰ, ਤਾਂ ਤੁਸੀਂ ਕਿਉਂ ਫਾਲਤੂ ...?

FLY WITH US ON JAPAN AIR LINES

ਵੈਨਕੂਵਰ ਤੋਂ ਸਿਧੇ 747 ਰਾਹੀਂ ਦਿੱਲੀ ਪੁੱਜੋ



ਮੁ - ਫ - ਤ - !

ਬੀ. ਸੀ. ਤੇ ਅਲਬਰਟਾ ਤੋਂ ਮੁਫਤ ਫ਼ੋਨ ਡਾਇਲ ਕਰੋ!

ਬੀ. ਸੀ. ਅਤੇ ਅਲਬਰਟਾ ਦੇ ਕਿਸੇ ਵੀ ਸ਼ਹਿਰ ਵਿਚੋਂ ਬਿਨਾਂ ਪੈਸੇ ਦਿੱਤਿਆਂ ਹੇਠਲੇ ਫ਼ੋਨਾਂ ਤੇ ਫ਼ੋਨ ਕਰਕੇ ਸਸਤੇ ਕਿਰਾਏ ਤੇ ਸੀਟਾਂ ਬੁੱਕ ਕਰਾਓ!

ਮੁਫ਼ਤ ਫ਼ੋਨ ਕਰੋ

B.C. 112-800-663-9079
Alta. 1-800-663-9079

ਅੱਜ ਹੀ ਅਡਵਾਂਸ ਸੀਟ ਬੁੱਕ ਕਰਾਓ, ਤਾਂ ਕਿ ਸਮੇਂ ਸਿਰ ਜਾਣ ਲਈ ਕੋਈ ਉਲਝਣ ਨਾ ਹੋਵੇ!

ਮੁਫ਼ਤ ਫ਼ੋਨ ਕਰੋ



ਸਿੱਖ ਕੌਮ ਦੇ ਪਵਿੱਤਰ ਤੇ ਇਤਿਹਾਸਕ ਸ਼ਸ਼ਤਰ ਕੈਨੇਡਾ ਲਿਆਉਣ ਵਾਲੀ ਏਅਰ ਲਾਈਨ ਰਾਹੀਂ ਸਫਰ ਕਰੋ!

ਹੁਣ ਤੁਸੀਂ ਭਾਰਤ ਜਾਣ ਲਈ ਮੰਗਲਵਾਰ ਤੇ ਵੀਰਵਾਰ ਦੀ ਫਲਾਈਟ ਲੈ ਸਕਦੇ ਹੋ

VANCOUVER/TOKYO/HONGKONG/MANILA
BANKOK/NEW DELHI/LONDON

Famous for Orient Hospitality!

CONTACT:

JAPAN AIRLINES AUTHORISED AGENTS

ਜਾਪਾਨ ਏਅਰ ਲਾਈਨਜ਼ ਦੇ ਆਥੋਰਾਈਜ਼ਡ ਏਜੰਟ

ਗੋਇਲ ਟਰੈਵਲਜ਼ ਇੰਨਕ

MULTI-MILLION DOLLAR SELLER

4152 FRASER ST., VANCOUVER, B.C. CANADA

PHONE: [604]872-7658

THE CANADA DARPAN WEEKLY
P.O.BOX 67344 STN. 'O'
Vancouver, B.C. V5W 3T1
Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

ਸੰਪਾਦਕੀ

ਪੰਜਾਬ ਵਿਚ ਰਾਸ਼ਟਰਪਤੀ ਰਾਜ ਦੀ ਸਥਾਪਨਾ

ਪਿਛਲੇ ਸ਼ੁਕਰਵਾਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਖਰ ਉਹ ਕਦਮ ਚੁੱਕ ਹੀ ਲਿਆ ਜਿਸਦੀ ਪਿਛਲੇ ਛੇ ਮਹੀਨੇ ਤੋਂ ਆਸ ਕੀਤੀ ਜਾ ਰਹੀ ਸੀ। ਦਰਬਾਰਾ ਸਿੰਘ ਮੰਤਰੀ ਮੰਡਲ ਨੇ ਜਿਸ ਦਿਨ ਤੋਂ ਸਹੁੰ ਚੁੱਕੀ ਸੀ, ਉਸ ਦਿਨ ਤੋਂ ਹੀ ਅਕਾਲੀਆਂ ਅਤੇ ਦਰਬਾਰਾ ਸਿੰਘ ਵਿਚਕਾਰ ਖੜਕ ਰਹੀ ਸੀ। ਦਰਬਾਰਾ ਸਿੰਘ ਪਹਿਲਾਂ ਤੋਂ ਹੀ ਕੱਟੜ ਕਾਂਗਰਸੀ ਰਿਹਾ ਹੈ ਅਤੇ ਉਹ ਪੰਜਾਬ ਵਿਚ ਇਕੱਲਾ ਅਜਿਹਾ ਲੀਡਰ ਸੀ ਜਿਸ ਨੇ ਸ਼ਰੇਆਮ ਕਿਹਾ ਸੀ ਕਿ ਪੰਜਾਬੀ ਸੂਬਾ ਉਸਦੀ ਲਾਸ਼ ਤੇ ਬਣੇਗਾ। ਉਸ ਦਾ ਵਿਚਾਰ ਸੀ ਕਿ ਪੰਜਾਬੀ ਸੂਬਾ ਬਣਨ ਨਾਲ ਕਾਂਗਰਸ ਕਦੇ ਵੀ ਤਾਕਤ ਵਿਚ ਨਹੀਂ ਆ ਸਕੇਗੀ। ਪੰਜਾਬੀ ਸੂਬਾ ਬੋਲੀ ਦੇ ਆਧਾਰ ਤੇ ਬਣਿਆ ਸੀ ਪਰ ਪੰਜਾਬੀ ਬੋਲੀ ਨੂੰ ਉਤਸ਼ਾਹਤ ਕਰਨਾ ਨਾ ਕਾਂਗਰਸ ਤੇ ਨਾ ਅਕਾਲੀ ਪਾਰਟੀ ਨੇ ਹੀ ਜ਼ਰੂਰੀ ਸਮਝਿਆ। ਲਛਮਣ ਸਿੰਘ ਗਿੱਲ ਨੇ ਕਾਂਗਰਸ ਦੀ ਮੱਦਦ ਨਾਲ ਇਸ ਨੂੰ ਪੰਜਾਬ ਦੀ ਰਾਜ ਭਾਸ਼ਾ ਤਾਂ ਬਣਾ ਦਿਤਾ ਪਰ ਅਕਾਲੀ ਪਾਰਟੀ ਦੀ ਜਨਸੰਘੀ ਦੋਸਤੀ ਨੇ ਉਸਦੀ ਕੀਤੀ ਕਰਾਈ ਵੀ ਖੂਹ ਵਿਚ ਪਾ ਦਿਤੀ। ਕਾਂਗਰਸ ਦਾ ਪੰਜਾਬੀ ਬੋਲੀ ਬਾਰੇ ਸੰਜੀਦਾ ਹੋਣਾ ਉਂਝ ਹੀ ਇਸ ਦੇ ਰਾਜਸੀ ਹਿਤਾਂ ਵਿਚ ਨਹੀਂ।

1980 ਤੋਂ ਲੈ ਕੇ ਪੰਜਾਬ ਵਿਚ ਦਰਬਾਰਾ ਸਿੰਘ ਵਜ਼ਾਰਤ ਜ਼ਾਤ ਰੰਜ਼ਸ਼ਾਂ ਕਾਰਨ ਤਨਦੇਹੀ ਨਾਲ ਕੰਮ ਨਹੀਂ ਕਰ ਸਕੀ। ਕੇਂਦਰ ਵਿਚ ਗਿਆਨੀ ਜ਼ੈਲ ਸਿੰਘ ਦੇ ਜਾਣ ਨਾਲ ਦਰਬਾਰਾ ਸਿੰਘ ਲਈ ਹੋਰ ਵੀ ਕੰਡੇ ਬੀਜੇ ਗਏ। ਦਰਬਾਰਾ ਸਿੰਘ ਤੇ ਗਿਆਨੀ ਦੇ ਧੜਿਆਂ ਨੇ ਪੰਜਾਬ ਨੂੰ ਆਪਣੀ ਰਣ-ਨੀਤੀ ਦਾ ਅੱਡਾ ਬਣਾਈ ਰੱਖਿਆ। ਦਰਬਾਰਾ ਸਿੰਘ ਨੂੰ ਗੁੱਠੇ ਲਾਉਣ ਲਈ ਗਿਆਨੀ ਧੜੇ ਨੇ ਤਰ੍ਹਾਂ ਤਰ੍ਹਾਂ ਦੀਆਂ ਚਾਲਾਂ ਚਲੀਆਂ। ਜਿਸ ਵਕਤ ਗਿਆਨੀ ਜੀ ਗ੍ਰਹਿ ਮੰਤਰੀ ਸਨ ਉਨ੍ਹਾਂ ਦੇ ਖਾਲਿਸਤਾਨੀ ਅਨਸਰਾਂ ਨਾਲ ਸਬੰਧਾਂ ਬਾਰੇ ਅਕਸਰ ਖਬਰਾਂ ਛਪਦੀਆਂ ਰਹੀਆਂ। ਉਸ ਤੋਂ ਪਿਛੋਂ ਨਿਰੰਕਾਰੀਆਂ ਤੇ ਅਕਾਲੀਆਂ ਦੇ ਝਗੜੇ ਖੜੇ ਹੋਣ ਤੇ ਹੋਰ ਵੀ 'ਲੀਡਰ' ਤੇ 'ਹੀਰੋ' ਉਭਾਰੇ ਜਾਣ ਲੱਗੇ। ਉਨ੍ਹਾਂ ਹੀ 'ਲੀਡਰਾਂ' ਤੇ 'ਹੀਰੋ' ਕਿਸਮ ਦੇ ਲੋਕਾਂ ਨੇ ਇਨ੍ਹਾਂ ਦੇ ਜੜੀਂ ਤੇਲ ਦਿਤਾ।

ਕੇਂਦਰ ਵਿਚ ਗੁਟ-ਬੰਦੀ ਦਾ ਅਸਰ ਰਾਜਾਂ ਤੇ ਸਿੱਧਾ ਪੈਂਦਾ ਹੈ ਤੇ ਕਾਂਗਰਸ ਦੀ ਬੇੜੀ ਡੋਬਣ ਲਈ ਇਸਦੇ ਆਪਣੇ ਲੀਡਰ ਹੀ ਜ਼ਿੰਮੇਵਾਰ ਹਨ। ਇਸੇ ਗੁੱਟਬੰਦੀ ਕਾਰਨ ਪੰਜਾਬ ਵਿਚ ਤਿੰਨ ਸਾਲ ਦਰਬਾਰਾ ਸਿੰਘ ਵਜ਼ਾਰਤ ਪੰਜਾਬ ਦਾ ਕੱਖ ਨਹੀਂ ਸੁਆਰ ਸਕੀ। ਇਹ ਹਾਲਤ ਇਕੱਲੀ ਕਾਂਗਰਸ ਦੀ ਨਹੀਂ, ਬਾਕੀ ਰਾਜਸੀ ਪਾਰਟੀਆਂ ਦਾ ਰੁਝਾਨ ਵੀ ਇਸੇ ਗੁਟ-ਬੰਦੀ ਤੇ ਆਧਾਰਤ ਹੈ। ਅਕਾਲੀ ਪਾਰਟੀ ਵਿਚ ਕਾਂਗਰਸੀ ਅਨਸਰ ਤੇ ਕਾਂਗਰਸ ਵਿਚ ਅਕਾਲੀ ਅਨਸਰ ਦੀ ਘੁਸਪੈਠ ਪੰਜਾਬ ਦੀ ਤ੍ਰਾਸਦੀ ਦਾ ਆਧਾਰ ਹੈ। ਅਕਾਲੀ ਪਾਰਟੀ ਨੂੰ ਇਸ ਦਾ ਅਹਿਸਾਸ ਹੋਵੇ ਜਾ ਨਾ ਪਰ ਅਕਾਲੀ ਮੋਰਚੇ ਨੂੰ ਗਲਤ ਤੇ ਹਿੰਸਾ ਦੇ ਰਾਹ ਤੇ ਲਿਜਾਣ ਲਈ ਅਕਾਲੀਆਂ ਵਿਚ ਅਜਿਹਾ ਤੱਤ ਜ਼ਰੂਰ ਮੌਜੂਦ ਹੈ ਜੋ ਕਾਂਗਰਸ ਦੇ ਇਸ਼ਾਰਿਆਂ ਤੇ ਚਲ ਰਿਹਾ ਹੈ।

ਹਿੰਸਾ ਦੇ ਰਾਹ ਤੇ ਤੁਰਨ ਦਾ ਜੋ ਸਿੱਟਾ ਨਿਕਲ ਸਕਦਾ ਸੀ ਉਹ ਰਾਸ਼ਟਰਪਤੀ ਰਾਜ ਦੇ ਰੂਪ ਵਿਚ ਆ ਪਰਗਟ ਹੋਇਆ ਹੈ। ਅਕਾਲੀਆਂ ਦੇ 14 ਮਹੀਨੇ ਦੇ ਮੋਰਚੇ ਨੂੰ ਜਿਸ ਢੰਗ ਨਾਲ ਹਿੰਸਾਤਮਕ ਤੱਤ ਨੇ ਢਾਹ ਲਾਈ ਹੈ—ਉਹ ਅਕਾਲੀ ਪਾਰਟੀ ਦੇ ਭਵਿੱਖ ਲਈ ਖਤਰਾ ਵੀ ਬਣ ਸਕਦੀ ਹੈ ਜਿਸ ਤਰ੍ਹਾਂ ਦਰਬਾਰਾ ਸਿੰਘ ਵਜ਼ਾਰਤ ਏਸੇ ਹਿੰਸਾ ਦੀ ਸ਼ਿਕਾਰ ਹੋਈ ਹੈ।

ਛਪਦੇ ਛਪਦੇ ....

* ਬੀ. ਸੀ. ਸਰਕਾਰ ਨੇ ਬਿੱਲ 3 ਪਾਸ ਕਰ ਦਿਤਾ। ਜਿਸ ਨਾਲ ਕੋਈ ਵੀ ਸਰਕਾਰੀ ਮੁਲਾਜ਼ਮ ਬਿਨਾਂ ਕਾਰਨ ਦੱਸੇ ਕੰਮ ਤੋਂ ਹਟਾਇਆ ਜਾ ਸਕਦਾ ਹੈ। ਸੀਨੀਔਰਟੀ ਦੀ ਕਲਾਜ਼ ਵੀ ਛੱਕੀ ਹੋ ਗਈ ਹੈ। ਇਹ ਹੁਣ ਸਰਕਾਰ ਤੇ ਨਿਰਭਰ ਕਰਦਾ ਹੈ ਕਿ ਜਿਸ ਮੁਲਾਜ਼ਮ ਨੂੰ ਰੱਖੇ ਤੇ ਜਿਸ ਨੂੰ ਚਾਹੇ 'ਫਾਇਰ' ਕਰ ਦੇਵੇ।

* 1 ਨਵੰਬਰ ਨੂੰ ਸਰਕਾਰੀ ਮੁਲਾਜ਼ਮ ਹੜਤਾਲ ਤੇ ਜਾਣਗੇ। ਸਰਕਾਰੀ ਮੁਲਾਜ਼ਮਾਂ ਦੇ ਪ੍ਰਧਾਨ ਨੇ ਕਿਹਾ ਕਿ ਸਾਡੇ ਕੋਲ ਹੜਤਾਲ ਕਰਨ ਤੋਂ ਬਿਨਾਂ ਹੋਰ ਚਾਰਾ ਹੀ ਨਹੀਂ।

* ਬੀ. ਸੀ. ਸਰਕਾਰ ਨੇ 1600 ਸਰਕਾਰੀ ਮੁਲਾਜ਼ਮਾਂ ਨੂੰ ਕੰਮ ਤੋਂ ਹਟਾਉਣ ਲਈ ਪੱਕੀ ਧਾਰ ਲਈ।

ਐਸੀ ਗਈ ਇਸ ਸ਼ਹਿਰ 'ਚੋਂ ਮਹਿਕ ਇਕ ਪਿਆਰੀ ਜਹੀ,
ਐਸੀ ਗਈ, ਐਸੀ ਗਈ, ਮੁੜਕੇ ਨਾ ਆਈ ਫਿਰ ਕਦੀ।

ਦਿੱਲੀ ਡਾਇਰੀ

ਅਜੀਤ ਕੌਰ



ਸੂਰਜ ਨੇ ਪੀ ਲੀਆ ਹੈ ਹਰੀ ਘਾਸ ਕਾ ਲਹੂ,
ਅਬ ਕੇ ਬਰਸ ਬਹਾਰ ਭੀ ਝੁਲਸੀ ਹੂਈ ਸੀ ਹੈ।
—ਜ਼ਫ਼ਰ

ਸਿਆਲ ਦਾ ਮੌਸਮ। ਕੋਈ ਗਿਆਰਾਂ ਵਜੇ ਦਾ ਵੇਲਾ। ਲਿਸ਼ਕਦੀ ਧੁੱਪ ਵਿਚ ਠੁਰਕਦੀ ਠੰਢ ਆਹਿਸਤਾ ਆਹਿਸਤਾ ਪਿੰਡਾ ਛੰਡਦੀ, ਕੁਨਮੁਨਾਂਦੀ, ਠਾਰ ਭੰਨਦੀ ਹੋਈ।

ਮੈਂ ਉਸ ਵੱਡੀ ਸੜਕ ਤੇ ਜਾ ਰਹੀ ਸਾਂ ਜਿਹੜੀ ਮਹਿਰੌਲੀ ਨੂੰ ਰਾਸ਼ਟਰਪਤੀ ਭਵਨ ਦੇ ਸਾਹਮਣੇ ਵਾਲੇ ਫੁਹਾਰਿਆਂ ਵਾਲੇ ਚੌਕ ਨਾਲ ਜੋੜਦੀ ਏ ਤੇ ਜਿਸਨੂੰ ਸਫਦਰਜੰਗ ਦੇ ਮਕਬਰੇ ਤਕ 'ਆਰੌਬਿੰਦੋ ਮਾਰਗ' ਕਿਹਾ ਜਾਂਦਾ ਏ। ਸਫਦਰਜੰਗ ਦੇ ਮਕਬਰੇ ਦੇ ਸਾਹਮਣੇ ਵਾਲੇ ਚੌਕ ਦੇ ਤਿਕੋਨ ਟੁਕੜੇ 'ਤੇ ਇਕ ਬਜ਼ੁਰਗ ਸਰਦਾਰ ਖੜਾ ਸੀ। ਡਾਢਾ ਘਬਰਾਇਆ ਹੋਇਆ। ਘੱਟੇ ਨਾਲ ਮੈਲੇ ਕਪੜੇ, ਉਂਜ ਸਫੈਦ ਰੰਗ ਦੇ, ਮੈਲੀ ਜਿਹੀ ਪੱਗ, ਘਬਰਾਈ ਹੋਈ ਸਫੈਦ ਦਾਹੜੀ, ਪਿੱਠ ਪਿਛੇ ਇਕ ਬੁਚਕੀ ਜਿਸ ਵਿਚੋਂ ਇਕ ਕਾਲੇ ਰੰਗ ਦਾ ਡੱਬਿਆਂ ਵਾਲਾ ਇਕ ਕੰਬਲ ਝਾਕ ਰਿਹਾ ਸੀ, ਪੈਰੀਂ ਘੱਟੇ ਨਾਲ ਭਰੀ ਜੁੱਤੀ। ਘਬਰਾਇਆ ਹੋਇਆ ਉਹ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪਿੱਠ ਉਸ ਸੜਕ ਵੱਲ ਜਿਸ ਤੇ ਅੱਗੇ ਜਾ ਕੇ ਇੰਦਰਾ ਗਾਂਧੀ ਦਾ ਘਰ ਏ।

ਉਹ ਚਾਰ ਕਦਮ ਸੜਕ 'ਤੇ ਤੁਰਦਾ, ਤਾਂਹੀਏਂ ਕੋਈ ਸ਼ੂਕਦੀ ਹੋਈ ਬੱਸ ਜਾਂ ਕਾਹਲੀ ਨਾਲ ਨੱਸਦੀ ਕਾਰ ਸ਼ੂੰ...ਕਰਦੀ ਆ ਜਾਂਦੀ, ਤੇ ਉਹ ਘਬਰਾ ਕੇ ਫੇਰ ਪਿਛਾਂਹ ਵੱਲ, ਆਪਣੇ ਮਹਿਫ਼ੂਜ਼ ਤਿਕੋਨ ਵੱਲ ਭੱਜ ਉੱਠਦਾ।

ਮੈਂ ਦੂਰੋਂ ਉਹਨੂੰ ਦੋ ਤਿੰਨ ਵਾਰੀ ਇਸ ਤਰ੍ਹਾਂ ਸੜਕ ਵੱਲ ਤੇ ਫੇਰ ਪਿਛਾਂਹ ਵੱਲ ਨੱਸਦਿਆਂ ਵੇਖਿਆ। ਮੈਨੂੰ ਉਹ ਕਿਸੇ ਘਬਰਾਏ ਹੋਏ, ਡਰੇ ਹੋਏ ਮੇਮਣੇ ਵਾਂਗੂੰ ਜਾਪਿਆ। ਮੈਂ ਉਹਦੇ ਕੋਲ ਜਾ ਕੇ ਕਾਰ ਰੋਕ ਲਈ।

'ਬਾਬਾ ਜੀ, ਤੁਸਾਂ ਕਿਥੇ ਜਾਣਾ ਏ?' 'ਕਿਧਰੇ ਨਹੀਂ, ਕਿਧਰੇ ਨਹੀਂ।'—ਉਹਨੇ ਘਬਰਾਏ ਹੋਏ ਨੇ ਮੈਨੂੰ ਗਲੋਂ ਲਾਹਣਾ ਚਾਹਿਆ। 'ਤੁਸੀਂ ਸੜਕ ਪਾਰ ਕਰਨੀ ਏ? ਮੈਂ ਕਰਵਾ ਦਿਆਂ?' ਉਹ ਚੁਪ ਰਿਹਾ, ਮੇਰੇ ਵੱਲ ਸ਼ੱਕ-ਭਰੀਆਂ, ਬੌਖਲਾਈਆਂ ਨਜ਼ਰਾਂ ਨਾਲ ਵੇਖਦਾ। 'ਤੁਸਾਂ ਕਿਥੇ ਜਾਣਾ ਏ? ਮੈਂ ਪੁਚਾ ਦੇਨੀ ਆਂ।'—ਮੈਂ ਉਤਰ ਕੇ ਉਹਦੇ ਕੋਲ ਖੜੋ ਗਈ। ਉਹਨੂੰ ਸ਼ਾਇਦ ਮੈਨੂੰ ਪੰਜਾਬੀ ਬੋਲਦਿਆਂ ਸੁਣਕੇ ਰਤਾ ਕੁ ਧਰਵਾਸ ਹੋਈ, ਜਾਂ ਮੇਰਾ ਚੇਹਰਾ ਇਤਬਾਰ ਦੇ ਕਾਬਲ ਲੱਗਾ, ਕਹਿਣ ਲੱਗਾ, 'ਮੈਂ ਟੇਸ਼ਨ 'ਤੇ ਜਾਣਾ ਏ ਪੁੱਤਰ। ਮੈਂ ਭੁੱਲੀ ਪੈ ਗਿਆ।' ਮੈਂ ਕਿਹਾ, 'ਬੈਠੋ, ਮੈਂ ਪੁਚਾ ਦੇਨੀ ਆਂ ਤੁਹਾਨੂੰ।' ਤੇ ਉਹਦਾ ਹੱਥ ਫੜ ਕੇ ਮੈਂ ਉਹਨੂੰ ਆਪਣੇ ਨਾਲ ਬਿਠਾ ਲਿਆ।

ਸਟੇਸ਼ਨ ਦੇ ਰਾਹ ਵਿਚ, ਜਦੋਂ ਉਹਦਾ ਦਿਲ ਰਤਾ ਟਿਕਾਣੇ ਆਇਆ, ਮੈਂ ਪੁਛਿਆ, 'ਤੁਸੀਂ ਕਿਥੋਂ ਦੇ ਰਹਿਣ ਵਾਲੇ ਓ? ਕਿਹੜਾ ਪਿੰਡ ਐ ਆਪਣਾ?' 'ਮੈਂ ਭੇਟ ਦਾ ਆਂ ਜੀ। ਕਪੂਰਥਲੇ ਦੇ ਲਾਗੇ ਐ।' 'ਦਿੱਲੀ ਕੀ ਕਰਨ ਆਏ ਸੀ? ਕਦੋਂ ਆਏ ਸੀ?' 'ਅੱਜ ਸਵੇਰੇ। ਬੱਸ, ਤੜਕੇ ਈ।' 'ਕੋਈ ਰਿਸ਼ਤੇਦਾਰ ਏ ਏਥੇ? ਸੁੱਖ ਤਾਂ ਸੀ ਨਾ?' 'ਕੋਈ ਨਹੀਂ ਜੀ ਆਪਣਾ ਤਾਂ ਏਥੇ। ਬੱਸ, ਊਈਂ ਫਸ ਗਏ। ਕਲ, ਲੌਢੇ ਵੇਲੇ ਕੁਝ ਬੰਦੇ ਆਏ ਪਿੰਡ, ਕਹਿਣ ਲੱਗੇ, ਪੰਥ ਖਤਰੇ ਵਿਚ ਐ; ਪਰਧਾਨ ਮੰਤਰੀ ਕੋਲ ਜਾਣਾ ਏ ਜ਼ਰੂਰੀ, ਸਾਰੇ ਚਲੋ। ਨਾਲੇ ਪਰਧਾਨ ਮੰਤਰੀ ਨਾਲ ਮੁਲਾਕਾਤ ਹੋਵੇਗੀ, ਨਾਲੇ ਦਿੱਲੀ ਵੇਖ ਲਵੋ ਗੇ. ਤੜਕੇ ਬੱਸਾਂ ਪੁਹੰਚ ਜਾਣਗੀਆਂ, ਕੱਲ੍ਹ ਲੌਢੇ ਵੇਲੇ ਵਾਪਸ ਮੁੜ ਆਵਾਂਗੇ।' 'ਬੱਸਾਂ? ਬੱਸਾਂ ਕਿੱਥੇ ਨੇ ਫੇਰ?' 'ਉਹ ਚਲੀਆਂ ਗਈਆਂ ਜੀ। ਮੈਨੂੰ ਭੁੱਲ ਈ ਗਏ ਉਹ...।'

ਉਹਦੀ ਕੱਢੀ ਹੋਈ ਗਾਹਲ ਉਹਦੇ ਬਜ਼ੁਰਗ ਮੂੰਹ 'ਤੇ ਅਟਪਟੀ ਲੱਗੀ।

'ਪਰ ਤੁਹਾਨੂੰ ਕਿਉਂ ਛੱਡ ਗਏ?' 'ਬੱਸ ਜੀ, ਸਵੇਰੇ ਚਾਹ ਪਾਣੀ ਪੀ ਕੇ ਸਿਧੇ ਪਰਧਾਨ ਮੰਤਰੀ ਦੀ ਕੋਠੀ ਪਹੁੰਚੇ। ਬੜੀ ਖਲਕਤ ਸੀ ਜੀ ਓਥੇ। ਉਹ ਵਿਚਾਰੀ ਪਤਲੀ ਜਿਹੀ ਬੀਬੀ ਖਵਰੇ ਏਨੇ ਬੰਦਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਦੀ ਹੋਊ। ਜਦੋਂ ਸਾਡੇ ਕੋਲ ਔਣ ਦੀ ਵਾਰੀ ਆਈ, ਮੈਨੂੰ ਜੀ ਪਸ਼ਾਬ ਆ ਗਿਆ। ਮੈਂ ਉੱਠ ਕੇ ਪਸ਼ਾਬ ਕਰਨ ਲਈ ਥਾਂ ਟੋਲਣ ਲੱਗਾ। ਜਿਹੜੀ ਝਾੜੀ ਕੋਲ ਜਾਵਾਂ, ਅੱਗੋਂ ਕੋਈ ਨਾ ਕੋਈ ਬੰਦਾ ਓਥੇ ਖੜੋਤਾ ਹੋਵੇ। ਕਹਵੇ, ਬਾਬਾ ਅਗਾਂਹ ਜਾਹ। ਤੇ ਫੇਰ ਮੈਂ ਕੋਠੀਓਂ ਬਾਹਰ ਨਿਕਲ ਕੇ ਸੜਕੇ ਸੜਕ ਤੁਰ ਪਿਆ, ਕੋਈ ਝਾੜੀ ਊੜੀ ਲੱਭਦਾ। ਜਿਸ ਵੇਲੇ ਵਾਪਸ ਮੁੜਿਆ, ਮੈਨੂੰ ਕੋਈ ਅੰਦਰ ਨਾ ਜਾਣ ਦੇਵੇ। ਬੱਸਾਂ ਸਨ ਜੀ ਪਰਲੇ ਪਾਸੇ ਖੜੋਤੀਆਂ। ਜਦੋਂ ਤੱਕ ਮੈਂ ਗੇੜਾ ਮਾਰ ਕੇ ਬੱਸਾਂ ਵਾਲੀ ਥਾਂ ਲੱਭੀ, ਉਹ ਖਾਲਮਖਾਲੀ। ਸਪਾਹੀਆਂ ਕੋਲੋਂ ਪੁਛਿਆ, ਉਹ ਕਹਿਣ ਲੱਗੇ, ਬੱਸ ਆਹ ਹੁਣੇ ਹੀ ਗਈਆਂ ਸਾਰੀਆਂ ਬੱਸਾਂ। ਫੇਰ ਮੈਂ ਸੜਕੇ ਸੜਕ ਤੁਰਨ ਲੱਗਾ, ਟੇਸ਼ਨ ਦਾ ਰਾਹ ਲੱਭਦਾ ਪੁਛਦਾ ਪੁਛਾਂਦਾ। ਤੇ ਹੁਣ ਮੇਰੇ ਕੋਲੋਂ ਸੜਕ ਈ ਨਹੀਂ ਸੀ ਪਈ ਟੱਪ ਹੁੰਦੀ।' ਉਹ ਰੋਣਹਾਕਾ ਹੋਇਆ ਪਿਆ ਸੀ।

'ਪਰ ਇਹ ਕੌਣ ਸਨ ਬੰਦੇ ਜਿਹੜੇ ਤੁਹਾਨੂੰ ਦਿੱਲੀ ਲੈ ਕੇ ਆਏ?'

'ਖਵਰੇ ਕੌਣ ਸਨ ... ...।' ਇਕ ਹੋਰ ਮੋਟੀ ਗਾਹਲ।

'ਅਗੇ ਵੀ ਕਦੇ ਗਏ ਓ ਪੰਥ ਦੇ ਖਤਰੇ ਨੂੰ ਟਾਲਣ?'—ਮੈਂ ਜ਼ਰਾ ਕੁ ਹੱਸੀ।

'ਹਾਂ ਜੀ, ਅੰਬਰਸਰ ਲੈ ਗਏ ਸਨ ਕਿ ਇਕ ਵਾਰੀ ਅੱਗੇ।'

'ਇਹੀ ਬੰਦੇ?'

'ਇਹ ਤਾਂ ਪਤਾ ਨਹੀਂ।'

'ਓਥੇ ਕੀ ਕੀਤਾ ਸੀ?'

'ਜਲੂਸ ਵਿਚ ਤੁਰੇ ਸੀ।'

'ਪਰ ਇਹ ਦੱਸੋ, ਕਿ ਉਹ ਬੰਦੇ ਨੀਲੀਆਂ ਪੱਗਾਂ ਵਾਲੇ ਸਨ ਕਿ ਸਫੈਦ ਪੱਗਾਂ ਵਾਲੇ?'—ਮੈਨੂੰ ਹੋਰ ਕੋਈ ਤਰੀਕਾ ਨਹੀਂ ਸੁਝਿਆ ਕਿ ਕਿਸ ਤਰ੍ਹਾਂ ਪਤਾ ਕੀਤਾ ਜਾਵੇ ਕਿ ਇਹਨਾਂ ਸਿੱਧੇ ਸਾਦੇ ਨੂੰ ਕਿਹੜੇ ਲੋਗ ਘਸੀਟੀ ਫਿਰਦੇ ਨੇ।

'ਉਹ ਜਿਹੜੇ ਅੰਬਰਸਰ ਲੈ ਗਏ ਸਨ, ਉਹ ਨੀਲੀਆਂ ਪੱਗਾਂ ਵਾਲੇ ਸਨ। ਤੇ ਐਹ ਜਿਹੜੇ ਦਿੱਲੀ ਲਿਆਏ ਨੇ, ਉਹ ਚਿੱਟੀਆਂ ਪੱਗਾਂ ਵਾਲੇ ਸਨ।'

ਮੈਂ ਉਸ ਬਜ਼ੁਰਗ ਨੂੰ ਸਟੇਸ਼ਨ ਤੋਂ ਟਿਕਟ ਖਰੀਦ ਕੇ ਗੱਡੀ ਵਿਚ ਬਿਠਾ ਦਿਤਾ।

ਅਗਲੇ ਦਿਨ ਅਖਬਾਰਾਂ ਵਿਚ ਖਬਰ ਸੀ ਕਿ ਪੰਜਾਬ ਦੇ ਚੀਫ ਮਨਿਸਟਰ ਸਰਦਾਰ ਦਰਬਾਰਾ ਸਿੰਘ, ਪੰਜਾਬ ਦੇ ਹਜ਼ਾਰਾਂ ਲੋਕਾਂ ਨੂੰ ਨਾਲ ਲੈ ਕੇ ਪਰਧਾਨ ਮੰਤਰੀ ਨੂੰ ਮਿਲੇ ਨੇ। ਲੋਕਾਂ ਨੇ ਪਰਧਾਨ ਮੰਤਰੀ ਨੂੰ ਵਿਸ਼ਵਾਸ਼ ਦੁਆਇਆ ਏ ਕਿ ਆਮ ਜਨਤਾ ਕਾਂਗਰਸ ਸਰਕਾਰ ਦੇ ਨਾਲ ਏ, ਤੇ ਅਕਾਲੀਆਂ ਦੀਆਂ ਮੰਗਾਂ ਨਾਲ ਉਹਨਾਂ ਨੂੰ ਕੋਈ ਸਰੋਕਾਰ ਨਹੀਂ।

ਇਹ ਕਹਾਣੀ ਮੈਂ ਇੰਦਰਾ ਗਾਂਧੀ ਨੂੰ ਸੁਣਾਈ। ਅੱਜ ਕੱਲ੍ਹ ਮਿਸਿਜ਼ ਗਾਂਧੀ ਲੇਖਕਾਂ ਨੂੰ, ਇੰਟਿਲੈਕਚੁਅਰਜ਼ ਨੂੰ, ਆਰਟਿਸਟਾਂ ਨੂੰ ਆਪਣੇ ਘਰ ਚਾਹ ਪੀਣ ਦੀ ਦਾਅਵਤ ਦੇ ਕੇ ਮਿਲ ਰਹੇ ਨੇ, ਤੇ ਛੋਟੀਆਂ ਵੱਡੀਆਂ ਗੱਲਾਂ ਕਰਕੇ ਇਹ ਜਾਨਣ ਦੀ ਕੋਸ਼ਿਸ਼ ਕਰ ਰਹੇ ਨੇ ਕਿ ਸੋਚਣ ਵਾਲੇ ਲੋਕ ਕੀ ਸੋਚਦੇ ਨੇ।

ਇਹ ਕਹਾਣੀ ਸੁਣ ਕੇ ਉਹ ਪਹਿਲੋਂ ਹੱਸੀ, ਫੇਰ ਉਦਾਸ ਹੋ ਗਈ।

'ਤੇਰੇ ਖਿਆਲ ਵਿਚ ਇਹਦਾ ਕੀ ਹੱਲ ਏ?'

'ਮੈਂ ਤੇ ਰਾਜਨੀਤੀ ਨਹੀਂ ਜਾਣਦੀ। ਮੈਂ ਕੀ ਹੱਲ ਦੱਸ ਸਕਦੀ ਹਾਂ। ਮੈਂ ਤਾਂ ਸਿਰਫ ਉਦਾਸ ਹਾਂ, ਬਹੁਤ ਉਦਾਸ। ਲੇਖਕ ਹਾਂ, ਏਸ ਕਰਕੇ ਉਸੇ ਨਜ਼ਰੀਏ ਤੋਂ ਸਿਰਫ ਏਨਾ ਕਹਿ ਸਕਦੀ ਹਾਂ, ਕਿ ਜਦੋਂ ਰਾਜਨੀਤੀ ਦੀ ਸ਼ਤਰੰਜ ਖੇਡਣ ਵਾਲੇ ਲੋਕ, ਸਿੱਧੇ ਸਾਦੇ ਆਮ ਲੋਕਾਂ ਨੂੰ ਮੋਹਰੇ ਬਣਾ ਕੇ ਆਪਣੀਆਂ ਚਾਲਾਂ ਚਲਦੇ ਨੇ, ਤਾਂ ਸਭ ਤੋਂ ਪਹਿਲਾਂ ਉਹਨਾ ਮੋਹਰਿਆਂ ਬਾਰੇ ਫਿਕਰਮੰਦ ਹੋਣ ਦੀ ਲੋੜ ਏ, ਉਹਨਾਂ ਦੀ ਹਿਫਾਜਤ ਕਰਨ ਦੀ ਜ਼ਰੂਰਤ ਏ।

'ਕਿਸਤਰ੍ਹਾਂ?'— ਮਿਸਿਜ਼ ਗਾਂਧੀ ਦੀਆਂ ਅੱਖਾਂ ਦੀ ਗੰਭੀਰਤਾ ਮੈਨੂੰ ਈਮਾਨਦਾਰਾਨਾ ਜਾਪਦੀ ਏ, ਕਮ-ਅਜ-ਕਮ ਉਸ ਪਲ ਤਾ ਜਰੂਰ ਜਾਪਦੀ ਏ।

'ਵੇਖੋ, ਪੰਜਾਬੀ ਸੂਬਾ ਜਦੋਂ ਤਰਾਸਿਆ ਗਿਆ ਸੀ, ਤੇ ਮੁਲਕ ਦੀ ਵੰਡ ਵਿਚ ਕੱਟੇ-ਪਿਟੇ ਪੰਜਾਬ ਦਾ ਜਦੋਂ ਮੇਜ਼ ਤੇ ਲਿਟਾ ਕੇ, ਐਨੇਸਥੀਸੀਆ ਦੇ ਕੇ ਆਪਰੇਸ਼ਨ ਕੀਤਾ ਗਿਆ ਸੀ, ਓਦੋਂ ਇਸ ਮੰਗ ਦਾ ਸ਼ੋਰ ਬੋਲੀ ਦੇ ਨਾਂ 'ਤੇ ਪਾਇਆ ਗਿਆ ਸੀ। ਭਾਵੇਂ ਮੈਂ ਇਹ ਮੰਨਦੀ ਹਾਂ, ਕਿ ਉਸ ਆਪਰੇਸ਼ਨ ਵੇਲੇ ਬੋਲੀ ਦਾ ਬਹੁਤਾ ਧਿਆਨ ਨਹੀਂ ਰਖਿਆ ਗਿਆ, ਨਹੀਂ ਤਾਂ ਪੰਜਾਬੀ ਬੋਲਦੇ ਕਈ ਇਲਾਕੇ ਅੱਜ ਪੰਜਾਬ ਤੋਂ ਬਾਹਰ ਨਾ ਹੁੰਦੇ। ਪਰ ਹੁੰਦਾ ਇਹ ਐ ਕਿ ਏਨੇ ਚਿਰ ਮਗਰੋਂ, ਇਕ ਲੰਬੀ ਜਦੋ-ਜਹਿਦ ਮਗਰੋਂ ਜਦੋਂ ਕੋਈ ਨਤੀਜਾ ਨਿਕਲਣ ਲਗਦਾ ਏ ਤਾਂ ਫੇਰ ਦੋਵੇਂ ਧਿਰਾਂ ਬਹੁਤਾ ਅੜਨਾ ਨਹੀਂ ਚਾਹੁੰਦੀਆਂ। ਕਾਹਲ ਹੁੰਦੀ ਏ ਫੈਸਲਾ ਕਰਨ ਦੀ। ਕਾਹਲ ਹੁੰਦੀ ਏ ਸ਼ਾਇਦ ਕੁਰਸੀਆਂ ਦੀ ਵੀ। ਇਹੀ ਪਾਰਟੀਸ਼ਨ ਵੇਲੇ ਹੋਇਆ ਸੀ— ਸ਼ਾਇਦ ਰਤਾ ਕੁ ਠਰ੍ਹਮਾਂ ਵਰਤਿਆ ਜਾਂਦਾ, ਏਨੀ ਕਾਹਲ ਨਾ ਕੀਤੀ ਜਾਂਦੀ ਤਾਂ ਬਹੁਤ ਸਾਰਾ ਖੂਨ ਖਰਾਬਾ ਬਚ ਸਕਦਾ ਸੀ। ਪਰ ਅੱਜ ਜੇ ਕੋਈ ਇਹ ਗੱਲ ਆਖੇ ਤਾਂ ਗੱਦਾਰ ਕਹਿਲਾਏਗਾ। ਤੇ ਤੁਹਾਡੇ ਕਮਰੇ ਤੋਂ ਬਾਹਰ ਮੈਂ ਵੀ ਇਹ ਗੱਲ ਕਹਿਣ ਲੱਗਿਆਂ ਸ਼ਾਇਦ ਸੌ ਵਾਰੀ ਸੋਚਾਂਗੀ। ਬਹਿਰਹਾਲ, ਇਹੀ ਹੋਇਆ ਪੰਜਾਬ ਦੇ ਆਪਰੇਸ਼ਨ ਵੇਲੇ। ਕਈ ਮਸਲੇ ਅਣਸੁਲਝਾਏ, ਹਵਾ ਵਿਚ ਲਟਕਦੇ ਹੀ ਛੱਡ ਦਿੱਤੇ ਗਏ।'

ਮਿਸਿਜ ਗਾਂਧੀ ਬਹੁਤ ਧਿਆਨ ਨਾਲ ਸੁਣਦੇ ਨੇ।

'ਖੈਰ, ਇਹਨਾਂ ਰਾਜਨੀਤੀ ਦੀਆਂ ਗੱਲਾਂ ਦੀ ਮੈਨੂੰ ਕੋਈ ਲੰਮੀ ਚੌੜੀ ਸਮਝ ਨਹੀਂ। ਪਰ ਜਿਸ ਗੱਲ ਦੀ ਸਮਝ ਹੈ ਉਹ ਇਹ ਐ ਕਿ ਪੰਜਾਬੀ ਦੀਆਂ ਕਿਤਾਬਾਂ ਅੱਗੇ ਨਾਲੋਂ ਵਧ ਵਿਕਣੀਆਂ ਸ਼ੁਰੂ ਨਹੀਂ ਹੋਈਆਂ। ਪੰਜਾਬੀ ਪੜ੍ਹਨ ਲਿਖਣ ਵਾਲੇ ਲੋਕਾਂ ਦੀ ਗਿਣਤੀ ਘਟ ਗਈ। ਪੰਜਾਬੀਆਂ ਵਿਚ ਪੰਜਾਬੀਅਤ ਦਾ ਕ੍ਰਿਸ਼ਮਾ ਵੀ ਘੱਟ ਗਿਆ, ਜਿਸ ਕ੍ਰਿਸ਼ਮੇਂ ਸਦਕਾ ਹਿੰਦੂ, ਮੁਸਲਮਾਨ ਤੇ ਸਿੱਖ ਰਲ ਕੇ ਬਾਹਰੋਂ ਆਉਣ ਵਾਲੀਆਂ ਮੁਸੀਬਤਾਂ ਤੋਂ ਰਲ ਕੇ ਆਪਣੀ ਮੁਕੱਦਸ ਧਰਤੀ ਨੂੰ ਬਚਾਣ ਦਾ ਉਪਰਾਲਾ ਕਰਿਆ ਕਰਦੇ ਸਨ, ਜਿਸ ਕ੍ਰਿਸ਼ਮੇ ਸਦਕਾ ਕਬੀਰ ਤੇ ਫਰੀਦ ਤੇ ਧੰਨਾ ਤੇ ਸੈਣ ਨਾਈ ਤੇ ਨਾਮਦੇਵ ਦੇ ਕਲਾਮ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਗਏ। ਜਿਹੜਾ ਕ੍ਰਿਸ਼ਮਾ ਨਾਨਕ ਤੋਂ ਸ਼ੁਰੂ ਹੋਇਆ ਜਦੋਂ ਉਹਨੇ 'ਨਾ ਕੋ ਹਿੰਦੂ ਨਾ ਮੁਸਲਮਾਲ' ਦਾ ਨਾਅਰਾ ਬੁਲੰਦ ਕੀਤਾ, ਮਨੁਖੀ ਭਾਈਚਾਰੇ ਨੂੰ ਹੀ ਧਰਮ ਦੀ ਸਭ ਤੋਂ ਪਹਿਲੀ ਪੌੜੀ ਬਣਾ ਦਿਤਾ।

ਜਿਨ੍ਹਾਂ ਲੋਕਾਂ ਨੇ ਪੰਜਾਬੀ ਬੋਲੀ ਦਾ ਵਾਸਤਾ ਤੇ ਹਾਲ ਪਾਹਰਿਆ ਪਾਕੇ ਬੋਲੀ ਦੇ ਆਧਾਰ ਤੇ ਇਕ ਵੱਖਰੇ ਸੂਬੇ ਦੀ ਤਾਮੀਰ ਕੀਤੀ ਏ, ਉਹ ਇਹ ਕਿਉਂ ਨਹੀਂ ਕਰਦੇ ਕਿ ਪੰਜਾਬੀ ਦੀ ਹਰ ਚੰਗੀ ਕਿਤਾਬ ਤੇ ਮੈਗਜੀਨ ਖਰੀਦ ਕੇ ਪੰਜਾਬ ਦੇ ਸਾਢੇ ਬਾਰ੍ਹਾਂ ਹਜਾਰ ਪਿੰਡਾਂ ਦੀ ਪੰਚਾਇਤ ਕੋਲ ਪੁਚਾ ਦੇਣ। ਜੇ ਦੋ ਸਾਲ ਵੀ ਇੰਜ ਕਰ ਲਿਆ ਜਾਵੇ, ਤਾਂ ਮਗਰੋਂ ਲੋਕ ਆਪੇ ਪੰਚਾਇਤ ਦੇ ਪੈਸਿਆਂ ਨਾਲ ਕਿਤਾਬਾਂ ਖਰੀਦਣ ਲੱਗ ਪੈਣ ਗੇ। ਉਹਨਾਂ ਨੂੰ ਕਿਤਾਬਾਂ ਦੀ ਵੀ ਆਦਤ ਪੈ ਜਾਏਗੀ— ਰੋਟੀ ਵਾਂਗੂੰ ਟਰਾਂਜਿਸਟਰਾਂ ਵਾਂਗੂੰ ਖਾਦਾਂ ਵਾਂਗੂੰ, ਮੋਟਰਾਂ ਵਾਲੇ ਪੰਪਾਂ ਵਾਂਗੂੰ। ਪਰ ਹੋਇਆ ਇਹ ਐ ਕਿ ਪਿਛਲੇ ਕਈ ਵਰ੍ਹਿਆਂ ਵਿਚ ਸਿਰਫ ਇਕ ਵਾਰੀ, ਸੱਤ ਅੱਠ ਸਾਲ ਹੋਏ, ਥੋੜ੍ਹੀਆਂ ਜਿਹੀਆਂ ਕਿਤਾਬਾਂ ਪੰਜ ਪੰਜ ਸੌ ਖਰੀਦੀਆਂ ਗਈਆਂ ਸਨ, ਲਾਇਬਰੇਰੀਆਂ ਲਈ। ਬੱਸ। ਫੇਰ ਮੁੜ ਕੇ ਕਦੇ ਨਹੀਂ। ਨਤੀਜਾ ਤੁਹਾਡੇ ਸਾਹਮਣੇ ਐ। ਲੋਕਾਂ ਨੂੰ ਇਹ ਵੀ ਪਤਾ ਨਹੀਂ ਲਗਦਾ ਕਿ ਉਹਨਾਂ ਨੂੰ ਕੌਣ ਤੇ ਕਿਹੜੇ ਮਕਸਦ ਵਾਸਤੇ ਘਸੀਟੀ ਫਿਰਦਾ ਏ।'

ਖੁਸ਼ਵੰਤ ਸਿੰਘ ਦਾ ਘਰ। ਤਰਕਾਲਾਂ ਵੇਲਾ। ਵਸੰਤ ਸਾਠੇ ਕਹਿੰਦਾ ਏ, 'ਮੈਂ ਮਨਿਸਟਰੀ ਤੋਂ ਛੁੱਟੀ ਲੈਣ ਲਈ ਤਿਆਰ ਹਾਂ। ਲੋੜ ਪਵੇ ਤਾਂ ਮਨਿਸਟਰੀ ਛੱਡਣ ਲਈ ਵੀ ਤਿਆਰ ਹਾਂ। ਚਲੋ ਸਾਰੇ ਪੈਦਲ ਚਲੀਏ, ਅੰਮ੍ਰਿਤਸਰ ਪਦਯਾਤਰਾ। ਸਾਰਿਆਂ ਨੂੰ ਹੱਥ ਜੋੜ ਕੇ ਆਖੀਏ, ਭਰਾਵੋ, ਨਫਰਤ ਨਾ ਫੈਲਾਓ। ਹਿੰਦੂ ਸਿਖ ਤਾਂ ਭਰਾ ਨੇ। ਭਰਾ ਕਿਉਂ ਲੜਨ ਆਪਸ ਵਿਚ?

ਖੁਸ਼ਵੰਤ ਨੂੰ ਹਰ ਉਹ ਗੱਲ ਮਨਜ਼ੂਰ ਏ ਜਿਸ ਨਾਲ ਅਮਨ ਕਾਇਮ ਹੁੰਦਾ ਹੋਵੇ।

ਪਰ ਮੈਂ ਕਹਿੰਦੀ ਹਾਂ, 'ਅੰਮ੍ਰਿਤਸਰ ਜਾਣ ਦਾ ਮਤਲਬ ਏ ਕਿ ਸਾਰਾ ਕਸੂਰ ਉਸੇ ਧਿਰ ਦਾ ਈ ਏ, ਤੇ ਸਾਰੀ ਪੁਆੜੇ ਦੀ ਜੜ੍ਹ ਅੰਮ੍ਰਿਤਸਰ ਵਿਚ ਹੀ ਏ। ਏਥੇ ਹੀ ਰਤਾ ਗੜਬੜ ਏ। ਪਦਯਾਤਰਾ ਕਰਨੀ ਏ ਤਾਂ ਪਹਿਲਾ ਮੁਕਾਮ ਨੰਬਰ ਇਕ ਸਫਦਰਜੰਗ ਰੋਡ ਹੋਣਾ ਚਾਹੀਦਾ ਏ। ਦੂਜਾ ਮੁਕਾਮ ਪੰਜਾਬ ਸਰਕਾਰ, ਯਾਨੀ ਚੰਡੀਗੜ੍ਹ। ਤੇ ਫੇਰ ਤੀਜਾ ਅੰਮ੍ਰਿਤਸਰ। ਮਨਜ਼ੂਰ ਏ, ਤਾਂ ਮੈਂ ਵੀ ਨਾਲ ਚਲਣ ਵਾਸਤੇ ਤਿਆਰ ਹਾਂ।'

'ਪਰ ਐਸ ਵੇਲੇ ਸਵਾਲ ਤਾ ਵਾਇਲੈਂਸ ਦਾ ਏ। ਤਸ਼ੱਦਦ ਦਾ। ਪਹਿਲੋਂ ਉਹਨੂੰ ਖਤਮ ਕਰਨਾ ਚਾਹੀਦਾ ਏ।

ਤਸ਼ੱਦਦ ਸਿਰਫ ਇਕੋ ਹੀ ਧਿਰ ਤੇ ਨਹੀਂ ਕਰ ਰਹੀ ਵਸੰਤ। ਤਸ਼ੱਦਦ ਤਾ ਪੁਲਿਸ ਸਗੋਂ ਬਹੁਤਾ ਕਰ ਰਹੀ ਏ। ਤੇ ਫੇਰ ਤਸ਼ੱਦਦ ਤਾ ਗੁੱਸੇ ਦਾ ਪ੍ਰਗਟਾਵਾ ਏ। ਗੁੱਸੇ ਦੇ ਕਾਰਨਾਂ ਨੂੰ ਕਿਉਂ ਨਾ ਖਤਮ ਕੀਤਾ ਜਾਵੇ? ਸਮੱਸਿਆ ਦਾ ਕੋਈ ਹੱਲ ਕਿਉਂ ਨਾ ਲੱਭਿਆ ਜਾਵੇ? ਹੱਲ ਨੂੰ ਟਾਲਣ ਵਾਲੀ ਰਾਜਨੀਤੀ ਪੁਰਾਣੀ ਹੋ ਚੁੱਕੀ ਏ। ਨਾਲੇ ਟਾਲਣ ਨਾਲ ਜੇ ਦਸ ਵਾਰੀ ਕੋਈ ਮੁਸੀਬਤ ਟਲ ਵੀ ਜਾਵੇ ਗਿਆਰਵੀਂ ਵਾਰੀ ਇਹ ਨੀਤੀ ਗਲਤ ਵੀ ਹੋ ਸਕਦੀ ਏ, ਉਲਟੀ ਵੀ ਪੈ ਸਕਦੀ ਏ।'

'ਪਰ ਹਿੰਦੂਆਂ ਤੇ ਸਿੱਖਾਂ ਵਿਚ ਤਾਂ ਸਾਂਝ ਕਾਇਮ ਰਹਿਣੀ ਚਾਹੀਦੀ ਏ ਨਾ,' ਖੁਸ਼ਵੰਤ ਕਹਿੰਦਾ ਏ।

ਬਾਕੀ ਸਫਾ 2 ਤੇ

ਕੈਨੇਡਾ ਦਰਪਣ

ਸਰਕਾਰੀ ਮੁਲਾਜ਼ਮਾਂ ਨੂੰ ਹਟਾਏ ਜਾਣ ਵਾਲੇ 'ਬਿੱਲ 3' ਤੇ ਸਰਕਾਰ ਤੇ ਐਨ. ਡੀ. ਪੀ. ਵਿਚਕਾਰ ਘੋਲ ਜਾਰੀ

ਵਿਕਟੋਰੀਆ—ਬਿਲ 3 ਤੇ ਚੱਲ ਰਹੀ ਬਹਿਸ ਵਿਚ ਸੋਕਰਡ ਸਰਕਾਰ ਨੇ ਮੰਗਲਵਾਰ ਨੂੰ ਵਿਰੋਧੀ ਤਰਮੀਮਾਂ ਰੱਦ ਕਰਨ ਲਈ ਨੌ ਵਾਰੀ 'ਕਲੋਜ਼ਰ' ਵਰਤ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ। ਬਿਲ 3 ਜਿਸ ਨੂੰ ਪਬਲਿਕ ਸਰਵਿਸ ਦੀਆਂ ਸੇਵਾਵਾਂ ਨੂੰ ਘਟਾਉਣ ਖਾਤਰ ਵਰਤਿਆ ਜਾਣਾ ਹੈ। ਸੋਕਰਡ ਸਰਕਾਰ ਇਸ ਬਿਲ ਨੂੰ ਪਾਸ ਕਰਨ ਲਈ ਕਾਹਲੀ ਹੈ। ਕਿਉਂਕਿ ਸ਼ੁਕਰਵਾਰ ਨੂੰ ਸੋਕਰਡ ਪਾਰਟੀ ਦੀ ਸਾਲਾਨਾ ਕਨਵੈਨਸ਼ਨ ਹੈ।

ਮੰਗਲਵਾਰ ਰਾਤ ਨੂੰ ਐਨ. ਡੀ. ਪੀ. ਦੇ ਮੈਂਬਰਾਂ ਨੇ ਸੋਕਰਡ ਮੈਂਬਰਾਂ ਨੂੰ ਸਾਰੀ ਰਾਤ ਸੌਣ ਨਾ ਦਿਤਾ ਅਤੇ 37 ਵਾਰ ਲੈਜਿਸਲੇਚਰ ਵਿਚ ਵੋਟਾਂ ਲਈ ਘੰਟੀਆਂ ਖੜਕੀਆਂ। ਯਾਦ ਰਹੇ ਕਿ ਪਿਛਲੇ ਚਾਰ ਹਫਤੇ ਤੋਂ ਸੋਕਰਡ ਸਰਕਾਰ ਦੇ ਮੈਂਬਰਾਂ ਦੀ ਐਨ. ਡੀ. ਪੀ. ਦੇ ਮੈਂਬਰਾਂ ਨੇ ਨੀਂਦ ਹਰਾਮ ਕੀਤੀ ਹੋਈ ਹੈ। ਇਸੇ ਦੌਰਾਨ ਡੇਵ ਬੈਰਿਟ ਨੂੰ ਦੋਵਾਂ ਪਾਰਟੀਆਂ ਵਲੋਂ ਲੈਜਿਸਲੇਚਰ ਵਿਚ ਹਿਸਾ ਲੈਣ ਲਈ ਮਨਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪਿਛਲੇ ਹਫਤੇ ਡੇਵ ਬੈਰਿਟ ਨੂੰ ਜ਼ਬਰਦਸਤੀ ਚੁਕ ਕੇ ਗਾਰਡਾਂ ਤੋਂ ਬਾਹਰ ਸੁਟਵਾ ਦਿਤਾ ਗਿਆ ਸੀ। ਅਤੇ ਬਾਕੀ ਦੇ ਰਹਿੰਦੇ ਸੈਸ਼ਨ ਲਈ ਉਸ ਨੂੰ ਲੈਜਿਸਲੇਚਰ ਵਿਚ ਆਉਣ ਤੋਂ ਮਨਾ ਕਰ ਦਿਤਾ ਗਿਆ ਸੀ।

ਸਰੀ ਵਿਚ ਸੁਰਿੰਦਰ ਸਿੰਘ ਨਿੱਝਰ ਦੀ ਬੱਸ ਹਾਦਸੇ ਕਾਰਨ ਦੁਖਦਾਈ ਮੌਤ

ਸਰੀ—ਐਤਵਾਰ 9 ਅਕਤੂਬਰ ਨੂੰ ਸੁਰਿੰਦਰ ਸਿੰਘ ਨਿੱਝਰ ਜੋ ਕਿ ਸਰੀ ਦੇ ਰਹਿਣ ਵਾਲੇ ਸਨ ਬੱਸ ਹਾਦਸੇ ਕਾਰਨ ਉਨ੍ਹਾਂ ਦੀ ਮੌਤ ਹੋ ਗਈ।ਸਰੀ ਆਰ. ਸੀ. ਐਮ. ਪੀ. ਮੁਤਾਬਿਕ ਨਿਊਵੈਸਟ ਦੇ ਰਾਇਲ ਕੋਲੰਬੀਅਨ ਹਸਪਤਾਲ ਪਹੁੰਚਣ ਤੱਕ ਸੁਰਿੰਦਰ ਸਿੰਘ ਨਿੱਝਰ ਪੂਰੇ ਹੋ ਗਏ ਸਨ।

ਨਸਲਵਾਦ ਬਾਰੇ ਅਲਬਰਟਾ ਵਿਚ ਮੀਟਿੰਗਾਂ ਹੋਣਗੀਆਂ

ਅਲਬਰਟਾ ਨੇ ਜੋ ਨਸਲਵਾਦ ਬਾਰੇ ਕਮੇਟੀ ਬਣਾਈ ਹੈ ਉਸਦੇ ਚੇਅਰਮੈਨ ਰੌਨ ਗਿਟਰ ਨੇ ਕਿਹਾ ਹੈ ਕਿ ਨਸਲਵਾਦ ਬਾਰੇ ਬੰਦ ਕਮਰਾ ਮੀਟਿੰਗਾਂ ਕੀਤੀਆਂ ਜਾਣਗੀਆਂ ਜੋ ਲੋਕ ਬਹਿਸ ਨੂੰ ਗੁਪਤ ਰੱਖਣਾ ਚਾਹੁੰਦੇ ਹਨ ਉਨ੍ਹਾਂ ਦੀ ਸਲਾਹ ਨੂੰ ਗੁਪਤ ਰੱਖਿਆ ਜਾ ਸਕੇਗਾ।

ਵੀਰਵਾਰ ਨੂੰ ਰੌਨ ਗਿਟਰ ਨੇ ਕਿਹਾ "ਅਸੀਂ ਚਾਹੁੰਦੇ ਹਾਂ ਕਿ ਪਬਲਿਕ ਮੀਟਿੰਗਾਂ ਹੋਣ ਕਿਉਂਕਿ ਇਹ ਅਜਿਹਾ ਮਸਲਾ ਹੈ ਜੋ ਪਬਲਿਕ ਵਿਚ ਹੀ ਵਿਚਾਰਿਆ ਜਾਣਾ ਚਾਹੀਦਾ ਹੈ। ਪਰ ਜੇ ਕੁਝ ਲੋਕ ਆਪਣੀ ਸਲਾਹ ਗੁਪਤ ਤੌਰ ਤੇ ਦੇਣਾ ਚਾਹੁੰਦੇ ਹਨ ਅਸੀਂ ਉਨ੍ਹਾਂ ਨੂੰ ਜ਼ਰੂਰ ਮਿਲਾਂਗੇ।

13 ਮੈਂਬਰੀ ਕਮੇਟੀ ਅਲਬਰਟਾ ਸਰਕਾਰ ਨੇ ਜਿਮ ਕੀਗਸਿਟਰਾ ਦੇ 'ਫਾਇਰ' ਹੋਣ ਤੋਂ ਬਾਦ ਬਣਾਈ ਹੈ।

ਸਾਰੇ ਧਾਰਮਿਕ, ਕਲਚਰਲ ਅਤੇ ਐਥਨਿਕ ਗਰੁਪਾਂ ਨੂੰ ਮੀਟਿੰਗਾਂ ਵਿਚ ਆਉਣ ਦਾ ਸੱਦਾ ਦਿੱਤਾ ਗਿਆ ਹੈ। ਜਿਹੜੀਆਂ ਕਿ ਅਗਲੇ ਮਹੀਨੇ ਵਿਚ ਸ਼ੁਰੂ ਹੋ ਰਹੀਆਂ ਹਨ। ਕਮੇਟੀ ਉਤਰੀ ਅਲਬਰਟਾ ਅਤੇ ਕੈਲਗਰੀ ਵਿਚ 1983 ਦੇ ਅੰਤ ਤੋਂ ਪਹਿਲਾਂ ਮੀਟਿੰਗਾਂ ਕਰੇਗੀ ਅਤੇ ਐਡਮੰਟਨ ਅਤੇ ਦੱਖਣੀ ਅਲਬਰਟਾ ਵਿਚ ਅਗਲੇ ਸਾਲ।

ਸ: ਹਰਚਰਨ ਸਿੰਘ ਸੰਘੇੜਾ, ਪ੍ਰਧਾਨ ਸਿੱਖ ਸੁਸਾਇਟੀ ਕੈਲਗਰੀ ਨੂੰ ਇਸ ਸਬੰਧੀ ਹੋਰ ਜਾਣਕਾਰੀ ਲਈ ਕੌਨਟੈਕਟ ਕੀਤਾ ਜਾ ਸਕਦਾ ਹੈ। ਉਹਨਾਂ ਦਾ ਫੋਨ ਹੈ :— 403-272-3382.

ਡਾਕਟਰ ਰੰਗਾਨਾਥਨ ਨਰਾਇਣਨ ਦਾ ਸੱਤ ਲੱਖ ਦਾ ਦਾਅਵਾ

ਐਡਮਿੰਟਨ—3 ਅਕਤੂਬਰ ਨੂੰ ਅਲਬਰਟਾ ਕੋਰਟ ਵਿਚ ਡਾਕਟਰ ਰੰਗਾਨਾਥਨ ਨਰਾਇਣਨ ਦੇ ਕੇਸ ਵਿਚ ਇਕਨੌਮਿਕਸ ਦੇ ਇਕ ਐਕਸਪਰਟ ਨੇ ਕਿਹਾ ਕਿ ਸੂਬਾ ਸਰਕਾਰ ਨੇ ਅਲਬਰਟਾ ਦੀ ਆਰਥਿਕਤਾ ਬਾਰੇ ਜਾਚਣ ਲਈ ਗਲਤ ਰਾਹ ਚੁਣਿਆ ਹੈ।

ਡਾਕਟਰ ਵਿਲੀਅਮ ਸ਼ਾਫਰ ਨੇ ਕੋਰਟ ਨੂੰ ਦੱਸਿਆ ਕਿ ਜੋ ਟੇਬਲ ਵਰਤਿਆ ਜਾਂਦਾ ਹੈ ਉਹਦੇ ਵਿਚ ਆਯਾਤ ਦੀ ਕੀਮਤ ਨੂੰ ਘਟਾ ਕੇ ਦੇਖਿਆ ਜਾ ਰਿਹਾ ਹੈ।

ਡਾਕਟਰ ਸ਼ਾਫਰ ਡਾਕਟਰ ਰੰਗਾਨਾਥਨ ਦੇ ਕੇਸ ਵਿਚ ਪੇਸ਼ ਹੋਏ ਸਨ। ਜਿਸ ਵਿਚ ਡਾਕਟਰ ਰੰਗਾਨਾਥਨ ਨੇ ਕੰਮ ਤੋਂ ਹਟਾਏ ਜਾਣ ਕਾਰਨ ਸੱਤ ਲੱਖ ਡਾਲਰ ਦਾ ਦਾਅਵਾ ਕੀਤਾ ਹੋਇਆ ਹੈ। ਡਾਕਟਰ ਰੰਗਾਨਾਥਨ ਇਕਨੌਮਿਕਸ ਦੀ ਪੀ. ਐਚ. ਡੀ. ਹਨ ਅਤੇ 1975 ਤੋਂ ਬੀਓਰੋ ਵਿਚ ਕੰਮ ਕਰਦੇ ਸਨ।

ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿੰਨੀਪੈਗ ਵਲੋਂ ਪਰੈਸ ਰੀਲੀਜ਼

ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ, ਵਿੰਨੀਪੈਗ ਮੈਨੀਟੋਬਾ, ਕਨੇਡਾ ਸ: ਜਸਵੰਤ ਸਿੰਘ ਕੰਵਲ ਦੇ ਸਾਥੀ ਲੁਧਿਆਣਵੀ ਨੂੰ ਇੰਗਲੈਂਡ ਵਿਚ ਦਿਤੇ ਗਏ ਇੰਟਰਵਿਊ ਅਤੇ ਕਨੇਡਾ ਵਿਚ ਪੰਜਾਬ ਦੀ ਸਥਿਤੀ ਬਾਰੇ ਜੋ ਵਿਚਾਰ ਪ੍ਰਗਟਾਏ ਹਨ ਉਨ੍ਹਾਂ ਨਾਲ ਅਸਾਡੀ ਸਭਾ ਅਸਹਿਮਤੀ ਪ੍ਰਗਟ ਕਰਦੀ ਹੈ।

ਖਾਸ ਕਰਕੇ ਉਹ ਵਿਚਾਰ ਜਿਸ ਵਿਚ ਉਨ੍ਹਾਂ ਕਿਹਾ ਹੈ ਕਿ "ਭਈਆਂ ਤੋਂ ਪੰਜਾਬੀ ਸਭਿਆਚਾਰ, ਬੋਲੀ ਤੇ ਸਾਹਿਤ ਨੂੰ ਖਤਰਾ ਹੈ।" ਉਸਦੀ ਪੂਰੀ ਤਰ੍ਹਾਂ ਨਿਖੇਧੀ ਕਰਦੀ ਹੈ। ਅਸੀਂ ਸਮਝਦੇ ਹਾਂ ਕਿ ਪੰਜਾਬੀ ਸਾਹਿਤ ਨੂੰ ਪਿਛਲੇ ਤਕਰੀਬਨ ਤੀਹਾਂ ਕੁ ਸਾਲਾਂ ਤੋਂ ਜੋ ਕੰਵਲ ਜੀ ਦੀ ਦੇਣ ਸੀ ਉਸ ਨਾਲ ਵੀ ਇਹ ਵਿਚਾਰ ਉੱਕਾ ਹੀ ਮੇਲ ਨਹੀਂ ਖਾਂਦੇ।


ਅਸੀਂ ਮਹਿਸੂਸ ਕਰਦੇ ਹਾਂ ਕਿ ਜੇ ਪੰਜਾਬੀ ਸਭਿਆਚਾਰ, ਬੋਲੀ ਤੇ ਸਾਹਿਤ ਨੂੰ ਖਤਰਾ ਹੈ ਤਾਂ ਸਿਰਫ ਤੇ ਸਿਰਫ ਘਰ ਵਿਚ ਬੈਠੇ ਹਿੰਦੂ ਤੇ ਸਿੱਖ ਅਤਿਵਾਦੀ ਤੇ ਜਨੂੰਨੀਆਂ ਤੋਂ ਹੈ।

ਅਸੀਂ ਆਸ ਕਰਦੇ ਹਾਂ ਕਿ ਉਹ ਆਪਣੇ ਦਿਤੇ ਬਿਆਨਾਂ ਨੂੰ ਮੁੜ ਵਿਚਾਰਨ ਤੇ ਵਾਪਸ ਲੈਣ।

ਕਨਵੀਨਰ

ਬੰਬੇ ਸਵੀਟਸ ਦੇ ਮਾਲਕ ਸ੍ਰੀ ਨਰੇਸ਼ ਸ਼ੁਕਲਾ ਨਾਲ ਇਕ ਮੁਲਾਕਾਤ

ਬੰਬੇ ਸਵੀਟਸ ਵਲੋਂ ਛੇਤੀ ਹੀ ਖੁਲ੍ਹ ਰਹੇ ਇਕ ਉਚ ਪੱਧਰੇਨਵੇਂ ਰੈਸਟੋਰੈਂਟ ਵਿਚ ,ਸਾਡੇ ਸੰਪਾਦਕ ਹਰਭਜਨ ਸਿੰਘ ਦਿਓਲ ਨਾਲ ਸ੍ਰੀ ਨਰੇਸ਼ ਸ਼ੁਕਲਾ ਦੀ ਇਕ ਭੇਂਟ ਹੋਈ। ਆਪਸੀ ਗੱਲ ਬਾਤ ਦਾ ਸਾਰਆਂਸ਼ ਹੇਠਾਂ ਦਿਤਾ ਜਾ ਰਿਹਾ ਹੈ:-



ਦਿਓਲ - ਨਰੇਸ਼ ਜੀ ! ਕਿਤਨਾ ਕੁ ਚਿਰ ਹੋ ਗਿਆ ਹੈ ਤੁਹਾਨੂੰ ਇੰਡੀਆ ਤੋਂ ਆਇਆਂ ਨੂੰ ?

ਨਰੇਸ਼ ਸ਼ੁਕਲਾ - ਕੈਨੇਡਾ ਵਿਚ ਮੈਂ ਵੈਨਕੂਵਰ 1973 ਵਿਚ ਆਇਆ ਸੀ। ਪੂਰੇ ਦਸ ਸਾਲ ਹੀ ਹੋ ਗਏ ਹਨ।

ਦਿ: ਆਉਂਦਿਆਂ ਹੀ ਕੀ ਕੰਮ ਸ਼ੁਰੂ ਕੀਤਾ ਸੀ ਤੁਸੀਂ ?

ਨਰੇਸ਼ - ਕੰਮ ਤਾਂ ਸ਼ੁਰੂ ਸ਼ੁਰੂ ਵਿਚ ਕਈ ਕੀਤੇ। ਰੈਸਟੋਰੈਂਟ ਵਿਚ ਵੀ ਕੰਮ ਕੀਤਾ ਅਤੇ ਹੋਰ ਵੀ ਕਈ ਕੰਮ ਕੀਤੇ।

ਦਿ: ਇਹ ਕੰਮ ਜੋ ਤੁਹਾਡਾ ਮਠਿਆਈ ਆਦਿ ਬਨਾਉਣ ਦਾ ਹੈ ਇਹ ਤੁਸੀਂ ਕਦੋਂ ਸ਼ੁਰੂ ਕੀਤਾ?

ਨਰੇਸ਼ - ਮਠਿਆਈ ਦਾ ਇਹ ਕੰਮ ਮੈਂ 1976 ਅਕਤੂਬਰ ਵਿਚ ਸ਼ੁਰੂ ਕੀਤਾ ਸੀ। ਸਾਡਾ ਆਪਣਾ ਇਕ ਰੈਸਟੋਰੈਂਟ ਸੀ ਮੇਨ ਸਟਰੀਟ 23 ਵੇਂ ਐਵੇਨਿਊ ਤੇ।

ਦਿ : ਇਥੇ ਆਕੇ ਰੈਸਟੋਰੈਂਟ ਲੈਣ ਤੋਂ ਬਾਅਦ ਹੀ ਮਠਿਆਈ ਬਨਾਉਣ ਲਗੇ ?

ਨਰੇਸ਼ - ਰੈਸਟੋਰੈਂਟ ਤਾਂ ਸੀਗਾ ਹੀ ਪਰ ਰੈਸਟੋਰੈਂਟ ਦੀ ਬਿਲਡਿੰਗ ਬੜੀ ਪੁਰਾਣੀ ਸੀ। ਕਸਟੂਮਰ ਨੂੰ ਬਹੁਤੀਆਂ ਸਹੂਲਤਾਂ ਨਹੀਂ ਸੀ ਮਿਲਦੀਆਂ। ਦੂਜਾ ਕਾਰਨ ਇਹ ਵੀ ਸੀ ਰੈਸਟੋਰੈਂਟ ਵੀ ਵਿਚ ਹੀ ਸੀ ਅਤੇ ਮਠਿਆਈ ਦੀ ਸੈਕਸ਼ਨ ਵੀ ਵਿਚ ਹੀ ਸੀ ਕਾਫੀ ਪ੍ਰੋਬਲਮ ਜਹੀ ਮਹਿਸੂਸ ਹੁੰਦੀ ਸੀ। ਜਦੋਂ ਵੀ ਕੋਈ ਫੈਮਲੀ ਮਠਿਆਈ ਆਦਿ ਲੈਣ ਲਈ ਆਉਂਦੀ ਸੀ ਉਹ ਨਹੀਂ ਸੀ ਚਾਹੁੰਦੀ ਕਿ ਰੈਸਟੋਰੈਂਟ ਵਿਚ ਹੀ ਮਠਿਆਈ ਵੀ ਹੋਵੇ। ਰੈਸਟੋਰੈਂਟ ਵਿਚ ਲੋਕ ਖਾਣਾ ਆਦਿ ਖਾਂਦੇ ਸਨ। ਜਦੋਂ ਕਸਟਮਰ ਨੂੰ ਮਠਿਆਈ ਲੈਣ ਜਾਣਾ ਪੈਂਦਾ ਸੀ ਤਾਂ ਵਿਚੋਂ ਦੀ ਲੰਘਣਾ ਪੈਂਦਾ ਸੀ। ਇਸ ਨੂੰ ਕਸਟਮਰ ਬਹੁਤ ਮਾਈਂਡ ਕਰਦੇ ਸਨ ਤੇ ਉਹ ਸੋਚਦੇ ਸਨ ਚਲੋ ਮਠਿਆਈ ਕਿਸੇ ਹੋਰ ਥਾਂ ਤੋਂ ਹੀ ਲੈ ਲੈਂਦੇ ਹਾਂ। ਇਸ ਚੀਜ ਨੂੰ ਦੇਖ ਕੇ ਹੁਣ ਇਸ ਦੇ ਦੋ ਵਖਰੇ ਸੈਕਸ਼ਨ ਬਣਾ ਦਿਤੇ ਹਨ।

ਦਿ : ਇੰਡੀਆ ਵਿਚ ਵੀ ਤੁਸੀਂ ਇਹ ਕੰਮ ਕੀਤਾ ਸੀ ?

ਨਰੇਸ਼ - ਨਹੀਂ ਜੀ , ਇੰਡੀਆ ਵਿਚ ਤਾਂ ਸਾਡੇ ਹੋਰ ਬਿਜ਼ਨਸ ਸਨ।

ਦਿ : ਇਸ ਕੰਮ ਦੇ ਤਜਰਬੇ ਖਾਤਰ ਫੇਰ ਤੁਹਾਨੂੰ ਕਾਫੀ ਮੇਹਨਤ ਕਰਣੀ ਪਈ ਹੋਵੇਗੀ। ਤੁਸੀਂ ਕਿਸੇ ਤੋਂ ਟ੍ਰੇਨਿੰਗ ਲਈ ਸੀ ਜਾ ਕੋਈ ਟ੍ਰੇਂਡ ਬੰਦਾ ਕੰਮ ਲਈ ਰੱਖਿਆ ਹੋਇਆ ਹੈ?

ਨਰੇਸ਼ - ਸਾਡੇ ਕੋਲ ਇਸ ਵੇਲੇ ਚਾਰ ਕੁੱਕ ਹਨ ਜੋ 1976 ਤੋਂ ਹੀ ਸਾਡੇ ਨਾਲ ਹਨ। ਅਜੇ ਤਕ ਸਟੱਡੀ ਚਲਦੇ ਆ ਰਹੇ ਹਨ। ਉਹ ਕਾਫੀ ਮਾਹਰ ਹਨ ਅਤੇ ਉਹ ਇੰਡੀਆ ਵਿਚ ਵੀ ਚੰਗੇ ਚੰਗੇ ਰੈਸਟੋਰੈਂਟਾਂ ਵਿਚ ਕੰਮ ਕਰਦੇ ਸਨ।

ਦਿ : ਉਹ ਅੱਛੀ ਮਹਿਨਤ ਕਰਣ ਵਾਲੇ ਹਨ ਤਦ ਹੀ ਤੁਸੀਂ ਉਨ੍ਹਾਂ ਨੂੰ ਸਟੱਡੀ ਰੱਖਿਆ ਹੋਇਆ ਹੈ।

ਨਰੇਸ਼ - ਹਾਂ ਜੀ ਉਹ ਬਹੁਤ ਈਮਾਨਦਾਰ ਤੇ ਚੰਗੇ ਕਾਰੀਗਰ ਹਨ।

ਦਿ : ਇਥੇ ਤੁਸੀਂ ਕਈ ਬ੍ਰਾਂਚਾ ਖੋਲ੍ਹ ਦਿਤੀਆਂ ਹਨ

ਨਰੇਸ਼ - ਪਹਿਲੀ ਬ੍ਰਾਂਚ ਹੈਗੀ ਸਾਡਾ ਹੈਡ ਆਫਿਸ 4405 ਮੇਨ ਸਟਰੀਟ ਤੇ ਹੈ, ਦੂਜੀ ਬ੍ਰਾਂਚ ਸਾਡੀ ਮੇਨ ਸਟਰੀਟ ਤੇ ਹੀ 6545 - 49 ਤੇ ਪੰਜਾਬੀ ਮਾਰਕਿਟ ਵਿਚ ਹੈ। ਹੁਣ ਜਿਹੜੀ ਤੀਸਰੀ ਬ੍ਰਾਂਚ ਅਸੀਂ ਖੋਲ੍ਹਣੀ ਹੈ ਉਹ ਵੀ ਪੰਜਾਬੀ ਮਾਰਕਿਟ ਵਿਚ ਹੈਗੀ ਇਹ ਬੰਬੇ ਸਵੀਟਸ ਨੰਬਰ 2 ਦੇ ਬਿਲਕੁਲ ਸਾਹਮਣੇ ਹੈ।

ਦਿ : ਵਿਆਹ ਸ਼ਾਦੀਆਂ ਵਾਸਤੇ ਵੀ ਤੁਹਾਡੇ ਕੋਲ ਥੋਕ ਦੇ ਆਰਡਰ ਆ ਜਾਂਦੇ ਹੋਣਗੇ।

ਨਰੇਸ਼ - ਵਿਆਹ ਸ਼ਾਦੀਆਂ ਵਿਚ ਤਾਂ ਸਾਡੇ ਕੋਲ ਬਹੁਤ ਆਰਡਰ ਆ ਜਾਂਦੇ ਹਨ। ਤੁਹਾਨੂੰ ਦਸਿਆ ਹੀ ਹੈ ਕਿ ਸਾਡੇ ਕੋਲ ਚਾਰ ਕੁੱਕ ਹਨ। ਅਸੀਂ ਤਿੰਨ ਚਾਰ ਫੰਕਸ਼ਨ ਹਰ ਵੀਕ ਆਖੰਡ ਪਾਠਾਂ ਅਥਵਾ ਵਿਆਹਸ਼ਾਦੀਆਂ ਦੇ ਕਰਦੇ ਰਹਿੰਦੇ ਹਾਂ। ਇਹ ਅਸੀਂ ਗੁਰਦੁਆਰਾ ਸਾਹਿਬ ਵਿਚ ਜਾਂ ਹੋਰ ਪਰਾਈਵੇਟ ਪਾਰਟੀ ਹਾਲਾਂ ਵਿਚ ਕਰਦੇ ਹਾਂ। ਅਤੇ ਅਸੀਂ ਆਰਡਰ ਬਾਹਰ ਵੀ ਭਾਵ ਹੈ ਆਊਟ ਆਫ ਸਟੇਸ਼ਨ ਵੀ ਭੇਜਦੇ ਹਾਂ।

ਦਿ : ਕੀ ਤੁਸੀਂ ਲੋਕਾਂ ਦੇ ਘਰਾਂ ਵਿਚ ਜਾ ਕੇ ਮਠਿਆਈ ਬਣਾਉਂਦੇ ਹੋ ?

ਨਰੇਸ਼ - ਨਹੀਂ ਅਸੀਂ ਘਰਾਂ ਵਿਚ ਜਾ ਕੇ ਨਹੀਂ ਬਣਾਉਂਦੇ ਜਾ ਤਾਂ ਪਾਰਟੀ ਹਾਲਾਂ ਵਿਚ ਜਾ ਗੁਰਦੁਆਰਾ ਸਾਹਿਬ ਵਿਚ ਬਣਾ ਕੇ ਆਉਂਦੇ ਹਾਂ। ਇਸੇ ਤਰਾਂ ਅਸੀਂ ਪਰਾਈਵੇਟ ਪਾਰਟੀਆਂ ਨੂੰ ਵੀ ਪੂਰੀ ਤਰਾਂ ਕੈਟਰ ਕਰਦੇ ਹਾਂ।

ਦਿ : ਕੀ ਤੁਸੀਂ ਆਪਣੇ ਹਾਲਾਂ ਵਿਚ ਵੀ ਪਾਰਟੀਆਂ ਦਾ ਪ੍ਰਬੰਧ ਕਰਦੇ ਹੋ ?

ਨਰੇਸ਼ - ਅਸੀਂ ਜਿਹੜਾ ਨਵਾਂ ਰੈਸਟੋਰੈਂਟ ਬਣਾਇਆ ਹੈ ਉਸ ਵਿਚ ਤਕਰੀਬਨ 150 ਬੰਦਿਆਂ ਲਈ ਅਸੀਂ ਪ੍ਰਬੰਧ ਕਰ ਸਕਦੇ ਹਾਂ।

ਦਿ : ਤੁਹਾਡਾ ਇਸ ਤੋਂ ਬਾਅਦ ਕੀ ਨਿਸ਼ਾਨਾ ਹੈ ਭਾਵ ਹੈ ਕਿਥੇ ਕੁ ਤਕ ਤੁਸੀਂ ਇਸ ਨੂੰ ਵਧਾਉਣ ਲਈ ਸੋਚ ਰਹੇ ਹੋ ?

ਨਰੇਸ਼ - ਸਾਡਾ ਜਿਹੜਾਨਿਸ਼ਾਨਾ ਸੀ ਉਹ ਇਹ ਕਿ ਜੋ ਨਵਾਂ ਰੈਸਟੋਰੈਂਟ ਅਸੀਂ ਬਣਾ ਰਹੇ ਹਾਂ ਇਹ ਸਾਡੀ ਬਹੁਤ ਵੱਡੀ ਸੱਧਰ ਸੀ। ਜੋ ਕੁਝ ਵੀ ਅਸੀਂ ਕਰ ਸਕਦੇ ਸਾਂ ਅਸੀਂ ਕੀਤਾ ਹੈ। ਮੇਰੀਆਂ ਸੱਧਰਾਂ ਦਾ ਇਹ ਸੁਪਣਾ ਹੁਣ ਸਾਕਾਰ ਹੋਇਆ ਹੈ। ਤੁਸੀਂ ਇਸ ਦੇ ਉਦਘਾਟਨ ਸਮਾਰੋਹ ਤੇ ਦੇਖੋਗੇ ਹੀ ਕਿ ਸਾਡੀ ਕਿਤਨੀ ਕੁ ਮਿਹਨਤ ਲੱਗੀ ਹੈ।

ਦਿ : ਗਾਹਕਾਂ ਦੀ ਦਿਲਚਸਪੀ , ਅਟਰੈਕਸ਼ਨ ਲਈ ਅਤੇ ਉਨ੍ਹਾਂ ਨੂੰ ਵਧੇਰੇ ਸਹੂਲਤਾਂ ਦੇਣ ਲਈ ਤੁਸੀਂ ਹੋਰ ਕੀ ਐਡੀਸ਼ਨਜ ਕਰ ਰਹੇ ਹੋ ਭਾਵ ਹੈ ਕੋਈ ਬਾਰ ਆਦਿ ਜਾਂ ਮਿਊਜਿਕ ਆਦਿ ਦਾ ਪ੍ਰਬੰਧ ਵੀ ਕਰੋਗੇ ?

ਨਰੇਸ਼ - ਅਸੀਂ ਨਵੀਂ ਬਿਲਡਿੰਗ ਵਿਚ ਦੋ ਸੈਕਸ਼ਨ ਰੱਖੇ ਹਨ ਇਕ ਤਾਂ ਮਠਿਆਈ ਦਾ ਅਲੱਗ ਸੈਕਸ਼ਨ ਹੈ ਅਤੇ ਰੈਸਟੋਰੈਂਟ ਦਾ ਅਲੱਗ ਹੈ। Fully licenced Bar, fully air conditioned and sound system ਪੂਰਾ ਹੈ। ਵਿਆਹ ਸ਼ਾਦੀਆਂ ਦੀਆਂ ਪਾਰਟੀਆਂ ਨੂੰ ਪੂਰੀ ਤਰ੍ਹਾਂ entertainment ਦਿਤੇ ਜਾਣ ਦਾ ਪ੍ਰਬੰਧ ਹੈ।

ਦਿ : ਸੁਣਿਆ ਹੈ ਤੁਸੀਂ ਕਈ ਬਿਲਡਿੰਗਾਂ ਬਣਾ ਚੁੱਕੇ ਹੋ।

ਨਰੇਸ਼ - ਹਾਂ ਜੀ ਪੰਜਾਬੀ ਮਾਰਕਿਟ ਵਿਚ ਤਾਂ ਸਾਡੀਆਂ ਚਾਰ ਦੁਕਾਨਾਂ ਹੋ ਗਈਆਂ ਹਨ ਦੋਵੇਂ ਬਿਲਡਿੰਗਾ ਸਾਡੀਆਂ ਬਿਜਨਸ ਵਿਚ ਹਨ। ਸਾਡੀ ਪਹਿਲੀ ਬਿਲਡਿੰਗ ਵਿਚ All India Foods ਹੈਦੂਸਰੀ ਵਿਚ ਬੰਬੇ ਸਵੀਟਸ ਹੈ।

ਦਿ : ਤੁਹਾਡੀ ਨਵੀਂ ਦੁਕਾਨ ਦੀ opening ਕਦੋਂ ਤਕ ਕਰ ਰਹੇ ਹੋ?

ਨਰੇਸ਼ - ਤੁਹਾਡਾ ਸ਼ੁਕਰਵਾਰ ਨੂੰ 'ਕੈਨੇਡਾ ਦਰਪਣ' ਨਿਕਲ ਰਿਹਾ ਹੈ ਉਮੀਦ ਹੈ ਉਸ ਵਿਚ ਅਸੀਂ ਜਰੂਰ ਇਹ ਦਸ ਸਕਾਂਗੇ।

ਦਿ : ਤੁਸੀਂ ਆਪਣੇ ਬਾਰੇ ਜਾ ਆਪਣੀ ਦੁਕਾਨਾਂ ਬਾਰੇ ਕੋਈ ਹੋਰ ਦਿਲਚਸਪੀ ਦੀ ਗੱਲ ਦਸਣਾ ਚਾਹੋਗੇ।

ਨਰੇਸ਼ - ਹਾਂ ਜੀ ਉਹ ਇਹ ਹੈ ਕਿ ਮੈਂ ਸਾਰੀ ਕਮਿਊਨਟੀ ਨੂੰ , ਸਾਰੇ ਦੋਸਤਾਂ ਮਿਤਰਾਂ ਨੂੰ ਉਨ੍ਹਾਂ ਦੇ ਦਿਤੇ ਸਹਿਯੋਗ ਲਈ ਮੈਂ ਉਨਾਂ ਦਾ ਅਭਾਰੀ ਹਾਂ। ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਅਸੀਂ ਜਿਸ ਪੋਜੀਸ਼ਨ ਤੇ ਅੱਜ ਪੁਜੇ ਹੋਏ ਹਾਂ ਇਹ ਸਭ ਉਨ੍ਹਾਂ ਦੇ ਪਿਆਰ ਅਤੇ ਸਹਿਯੋਗ ਦੇ ਕਾਰਨ ਹੀ ਹੈ। ਮੈਂ ਆਪਣੇ ਵਲੋਂ ਆਪਣੇ ਭਰਾਵਾਂ ਵਲੋਂ ਅਤੇ ਆਪਣੀ ਸਾਰੀ ਫੈਮਲੀ ਵਲੋਂ ਸਾਰੇ ਵੀਰਾਂ ਨੂੰ ਸਾਡੀ ਦੁਕਾਨ ਦੇ ਉਦਘਾਟਨ ਸਮਾਰੋਹ ਵਿਚ ਸ਼ਾਮਲ ਹੋਣ ਦੀ ਪ੍ਰਾਰਥਨਾ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਹਮੇਸ਼ਾ ਵਾਂਗ ਹੁਣ ਵੀ ਸਾਨੂੰ ਇਹ ਮਾਣ ਜਰੂਰ ਬਖਸ਼ੋਗੇ।

ਦਿ : ਨਰੇਸ਼ ਜੀ ਇਸ ਗੱਲ ਬਾਤ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।

ਨਰੇਸ਼ - ਮੈਂ ਤੁਹਾਡਾ ਵੀ ਬਹੁਤ ਧੰਨਵਾਦੀ ਹਾਂ ਤੁਸੀਂ ਆਪਣਾ ਕੀਮਤੀ ਸਮਾਂ ਕੱਢ ਕੇ ਇਥੇ ਆਉਣ ਦੀ ਕ੍ਰਿਪਾ ਕੀਤੀ ਹੈ

ਰਾਜਿੰਦਰ ਗੋਇਲ ਵਲੋਂ ਸ਼ੇਰ ਜੰਗ ਜਾਂਗਲੀ ਦੇ ਸਨਮਾਨ ਵਿਚ ਪਾਰਟੀ




ਪਾਰਟੀ ਸਮੇਂ ਸ੍. ਲ੍ਹੇਲ, ਦਲਜੀਤ ਸਿੱਧੂ, ਸ਼ੇਰ ਜੰਗ ਜਾਂਗਲੀ, ਸੁੱਚਾ ਸਿੰਘ ਕਲੇਰਅਤੇ ਗੋਇਲ ਵੀਡੀਓਜ਼ ਦੇ ਰਾਜਿੰਦਰ ਗੋਇਲ



ਗੋਇਲ ਟਰੈਵਲਜ਼ ਦੇ ਸ਼੍ਰੀ ਸੁਦੇਸ਼ ਗੋਇਲ, ਸ਼ੇਰ ਜੰਗ ਜਾਂਗਲੀ, ਸ਼੍ਰੀ ਸ਼ਰਮਾ, ਅਤੇ ਸ਼੍ਰੀ ਹੰਸ ਰਾਜ ਸ਼ਰਮਾ



ਲੋਇਲ ਫਰਨੀਚਰ ਦੇ ਸ਼੍ਰੀ ਮਨਹਾਸ, ਬੰਬੇ ਸਵੀਟ ਮੈਨੂਫੈਕਚਰਰ ਦੇ ਸ਼੍ਰੀ ਨਰੇਸ਼ ਸ਼ੁਕਲਾ ਅਤੇ ਫਰੰਟੀਅਰ ਕਲਾਥ ਹਾਊਸ ਦੇ ਮਾਲਕ ਸ਼੍ਰੀ ਸੁਸ਼ੀਲ ਬੱਤਰਾ।



ਸ਼੍ਰੀ ਮਨਹਾਸ, ਗੁਰਚਰਨ ਰਾਮਪੁਰੀ, ਗੁਰਪਾਲ ਮਾਨ, ਮਨਜੀਤ ਵਿਰਦੀ, ਕੇਵਲ ਸਿੰਘ ਪਾਬਲਾ, ਦਰਸ਼ਨ ਗਿੱਲ, ਅਤੇ ਤੇਜਿੰਦਰ ਜੌਹਲ

ਵੈਨਕੂਵਰ—ਪੰਜਾਬੀ ਮਾਰਕਿਟ ਵਿਚ ਸਥਿਤ ਮੋਤੀ ਮਹਿਲ ਰੈਸਟੋਰੈਂਟ ਵਿਚ ਸ਼੍ਰੀ ਰਾਜਿੰਦਰ ਗੋਇਲ ਵਲੋਂ ਸ਼ੇਰ ਜੰਗ ਜਾਂਗਲੀ, ਸਹਾਇਕ ਸੰਪਾਦਕ ਦੇਸ ਪ੍ਰਦੇਸ (ਲੰਡਨ) ਦੇ ਮਾਣ ਵਿਚ ਇਕ ਸ਼ਾਨਦਾਰ ਪਾਰਟੀ ਦਿੱਤੀ ਗਈ। ਜਿਸ ਵਿਚ ਵੈਨਕੂਵਰ ਦੇ ਬਿਜਨਿਸ ਦੇ ਪ੍ਰਤੀਨਿਧ ਸ਼ਾਮਲ ਸਨ ਸ਼੍ਰੀ ਜਾਂਗਲੀ ਦੋ ਹਫਤੇ ਤੋਂ ਵੱਧ ਵੈਨਕੂਵਰ ਅਤੇ ਇਸਦੇ ਆਲੇ ਦੁਆਲੇ ਦੇ ਇਲਾਕੇ ਵਿਚ ਘੁੰਮੇ ਫਿਰੇ। ਉਨ੍ਹਾਂ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਪੰਜਾਬੀ ਚਰਿੱਤਰ ਹੀ ਅਜਿਹਾ ਹੈ ਜੋ ਹਰ ਕਿਸਮ ਦੇ ਹਾਲਾਤ ਵਿਚ ਆਪਣੇ ਆਪ ਨੂੰ ਢਾਲ ਕੇ ਅੱਗੇ ਵੱਲ ਵਧਦਾ ਹੈ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਉਹ ਵੀ ਸ਼ਾਇਦ ਸਾਊਥਾਲ ਵਿਚ ਅਜਿਹੀ ਪੰਜਾਬੀ ਭਾਵਨਾ ਪੈਦਾ ਕਰ ਸਕਣ ਜੋ ਇਥੇ ਮੇਨ ਸਟਰੀਟ ਤੇ ਸਥਿਤ ਪੰਜਾਬੀ ਮਾਰਕਿਟ ਵਿਚ ਨਜ਼ਰ ਆਉਂਦੀ ਹੈ। ਉਨ੍ਹਾਂ ਪੰਜਾਬੀਆਂ ਦੇ ਹੌਂਸਲੇ ਦੀ ਦਾਦ ਦਿੰਦਿਆਂ ਕਿਹਾ ਕਿ ਪੰਜਾਬੀ ਦੁਨੀਆਂ ਦੇ ਜਿਸ ਹਿੱਸੇ ਵਿਚ ਵੀ ਗਏ ਹਨ ਉਨ੍ਹਾਂ ਨੇ ਉਨ੍ਹਾਂ ਥਾਵਾਂ ਤੇ ਹੀ ਕ੍ਰਿਸਮੇ ਦਿਖਾਏ ਹਨ।

ਸ਼੍ਰੀ ਰਾਜਿੰਦਰ ਗੋਇਲ ਨੇ (ਜੋ ਆਪ ਵੀ ਮੋਗੇ ਦੀ ਨਿਵਾਸੀ ਹਨ) ਸ਼੍ਰੀ ਸ਼ੇਰ ਜੰਗ ਜਾਂਗਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬੀਆਂ ਦੀ ਭਰਪੂਰ ਸੇਵਾ ਕੀਤੀ ਹੈ। ਪਾਰਟੀ ਤੇ ਸਨਮਾਨ ਸਮੇਂ ਪੰਜਾਬੀ ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਕੇਵਲ ਸਿੰਘ ਪਾਬਲਾ, ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸੁੱਚਾ ਸਿੰਘ ਕਲੇਰ, ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ ਦੇ ਪ੍ਰਧਾਨ ਸ਼੍ਰੀ ਗੁਰਚਰਨ ਰਾਮਪੁਰੀ, ਤੋਂ ਇਲਾਵਾ ਜੀਤ ਸਿੰਘ ਅਣਖੀ, ਤਾਰਾ ਸਿੰਘ ਹੇਅਰ, ਗੁਰਨਾਮ ਸਿੰਘ ਸੰਘੇੜਾ, ਮਨਜੀਤ ਵਿਰਦੀ ਅਤੇ ਸ਼੍ਰੀ ਸਮਤਾਨੀ ਨੇ ਵੀ ਸ਼ੇਰ ਜੰਗ ਜਾਂਗਲੀ ਦੀਆਂ ਪੰਜਾਬੀ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ।

ਸ਼੍ਰੀ ਰਾਜਿੰਦਰ ਗੋਇਲ ਨੇ ਅੰਤ ਵਿਚ ਆਏ ਸੱਜਣਾਂ ਦਾ ਧੰਨਵਾਦ ਕੀਤਾ।

ਪ੍ਰਸਿੱਧ ਸਾਹਿਤਕਾਰ ਐਸ. ਐਸ. ਅਮੋਲ ਵੈਨਕੂਵਰ ਆ ਰਹੇ ਹਨ

ਸ੍ਰ: ਕੇਸਰ ਸਿੰਘ ਨਾਵਲਿਸਟ ਹੋਰਾਂ ਦੀ ਸੂਚਨਾ ਅਨੁਸਾਰ ਅਗਲੇ ਹਫਤੇ ਪੰਜਾਬੀ ਦੇ ਪ੍ਰਸਿੱਧ ਬਜ਼ੁਰਗ ਲੇਖਕ ਸ. ਸ. ਅਮੋਲ ਵੈਨਕੂਵਰ ਆ ਰਹੇ ਹਨ।



ਤਸਵੀਰ ਵਿਚ ਦਿਸ ਰਹੇ ਹਨ ਸ਼੍ਰੀ ਤੇਜਿੰਦਰ ਸਿੰਘ ਜੌਹਲ, ਪੁਰੀ ਇੰਨਸ਼ੋਰੈਂਸ ਦੇ ਸ਼੍ਰੀ ਪੁਰੀ ਅਤੇ ਪਾਲ ਪਲਬਿੰਗ ਦੇ ਸ਼੍ਰੀ ਪਾਲ — ਨਾਲ ਦਿਸ ਰਹੇ ਹਨ ਸ਼੍ਰੀ ਗੁਰਚਰਨ ਰਾਮਪੁਰੀ

ਭਾਰਤ ਦਰਪਣ

ਜਗਜੀਵਨ ਰਾਮ ਮੁੜ ਇੰਦਰਾ ਕਾਂਗਰਸ ਵਿਚ ?

ਨਵੀਂ ਦਿੱਲੀ—ਰਾਜਨੀਤਕ ਹਲਕਿਆਂ ਵਿਚ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਵਲੋਂ ਜਗਜੀਵਨ ਰਾਮ ਨੂੰ ਮਿਲਣ ਤੇ ਇਹ ਚਰਚਾ ਚਲ ਰਹੀ ਹੈ ਕਿ ਜਗਜੀਵਨ ਰਾਮ ਮੁੜ ਕਾਂਗਰਸ ਵਿਚ ਜਾ ਰਹੇ ਹਨ। ਇਹ ਇਸ ਲਈ ਕਿਹਾ ਜਾ ਰਿਹਾ ਹੈ ਕਿ ਭਜਨ ਲਾਲ ਵੀ ਕਾਂਗਰਸ ਵਿਚ ਜਾਣ ਤੋਂ ਪਹਿਲਾਂ ਜਗਜੀਵਨ ਰਾਮ ਦੀ ਸੱਜੀ ਬਾਂਹ ਸਮਝਿਆ ਜਾਂਦਾ ਸੀ। ਇਸ ਤੋਂ ਪਹਿਲਾਂ ਭਜਨ ਲਾਲ ਕਮਲਾਪਤੀ ਤ੍ਰਿਪਾਠੀ(ਜੋ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਹਨ) ਤੇ ਅਰੁਣ ਨਹਿਰੂ ਨੂੰ ਵੀ ਮਿਲੇ।

ਕਿਹਾ ਜਾਂਦਾ ਹੈ ਕਿ ਬੇਸ਼ੱਕ ਦੂਜੇ ਦੋ ਮੋਰਚਿਆਂ ਦੇ ਲੀਡਰ ਵੀ ਜਗਜੀਵਨ ਰਾਮ ਨੂੰ ਆਪਣੇ ਵੱਲ ਖਿਚ ਰਹੇ ਹਨ ਪਰ ਦੋਵੇਂ ਮੋਰਚੇ ਉਨ੍ਹਾਂ ਦੀਆਂ ਸ਼ਰਤਾਂ ਮੰਨਣ ਲਈ ਤਿਆਰ ਨਹੀਂ। ਕਾਂਗਰਸ ਨੇ ਕਰਨਾਟਕ ਤੇ ਆਂਧਰਾ ਪ੍ਰਦੇਸ਼ ਦੀਆਂ ਹਾਰਾਂ ਤੋਂ ਪਿਛੋਂ ਵੀ ਜਗਜੀਵਨ ਰਾਮ ਨੂੰ ਕਾਂਗਰਸ ਵਿਚ ਲਿਆਉਣ ਦੇ ਯਤਨ ਕੀਤੇ ਸਨ ਪਰ ਜਗਜੀਵਨ ਰਾਮ ਕਾਂਗਰਸ ਦੀ ਪ੍ਰਧਾਨਗੀ ਮੰਗ ਰਹੇ ਸਨ, ਇਸ ਲਈ ਗੱਲ ਸਿਰੇ ਨਾ ਚੜ੍ਹੀ।

ਸ੍ਰੀਮਤੀ ਗਾਂਧੀ ਦੀ ਰਾਏ ਆਸਾਮ ਤੇ ਪੰਜਾਬ ਦੇ ਲੋਕ ਅਲਹਿਦਗੀ ਨਹੀਂ ਚਾਹੁੰਦੇ

ਨਵੀਂ ਦਿੱਲੀ— ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨਹੀਂ ਸਮਝਦੇ ਕਿ ਵੱਖਵਾਦ ਹਿੰਦ ਲਈ ਕੋਈ ਬਾਗੀਆਨਾ ਵੰਗਾਰ ਹੈ। ਉਹਨਾਂ ਕਿਹਾ, "ਮੈਂ ਨਹੀਂ ਸਮਝਦੀ ਕਿ ਆਸਾਮ ਦੇ ਲੋਕ ਅਲੱਗ ਹੋਣਾ ਚਾਹੁੰਦੇ ਹਨ ਅਤੇ ਪੰਜਾਬ ਦੇ ਲੋਕ ਤਾਂ ਨਿਸਚਿਤ ਤੌਰ ਤੇ ਆਖ ਚੁਕੇ ਹਨ ਕਿ ਉਹ ਵੱਖਵਾਦੀ ਤਹਿਰੀਕ ਦੇ ਵਿਰੁਧ ਹਨ। ਅਕਾਲੀ ਦਲ ਦੇ ਆਗੂ ਆਪਣੀ ਇਹ ਗੱਲ ਆਖ ਚੁਕੇ ਹਨ। ਸ੍ਰੀਮਤੀ ਗਾਂਧੀ ਅਖਬਾਰੀ ਨੁਮਾਇੰਦਿਆਂ ਨਾਲ ਗਲਬਾਤ ਕਰ ਰਹੇ ਸਨ।

ਉਹਨਾਂ ਤੋਂ ਪੁਛਿਆ ਗਿਆ ਕਿ ਦੋ ਰਾਜਾਂ ਵਿਚ ਵੱਖਵਾਦੀ ਤਹਿਰੀਕਾਂ ਚਲ ਰਹੀਆਂ ਹਨ ਅਤੇ ਆਂਧਰਾ ਤੇ ਕਰਨਾਟਕ ਵਿਚ ਕਾਂਗਰਸ ਆਈ ਹਾਰ ਗਈ ਹੈ। ਕਾਂਗਰਸ-ਆਈ ਆਉਣ ਵਾਲੀਆਂ ਚੋਣਾਂ ਵਿਚ ਇਹਨਾਂ ਵੰਗਾਰਾਂ ਦਾ ਟਾਕਰਾ ਕਿਵੇਂ ਕਰ ਰਹੀ ਹੈ। ਸ੍ਰੀਮਤੀ ਗਾਂਧੀ ਨੇ ਕਿਹਾ ਕਿ ਦਖਣ ਵਿਚ ਅਸੀਂ ਹਾਰੇ ਹਾਂ ਪਰ ਉਤਰ ਵਿਚ ਹੋਈਆਂ ਜ਼ਿਮਨੀ ਚੋਣਾ ਵਿਚ ਅਸੀਂ ਸਫਲਤਾ ਹਾਸਲ ਕੀਤੀ ਹੈ।

ਕਣਕ ਦੀ ਖਰੀਦ ਕੀਮਤ 155 ਰੁਪਏ ਮਿੱਥਣ ਦੀ ਸਿਫਾਰਸ਼

ਖਾਦਾਂ ਦੀ ਕੀਮਤ 'ਚ ਕਮੀ ਦੇ ਬਹਾਨੇ ਸਿਰਫ 4 ਰੁ: ਦਾ ਵਾਧਾ

ਨਵੀਂ ਦਿੱਲੀ—ਸਮਝਿਆ ਜਾਂਦਾ ਹੈ ਕਿ ਖੇਤੀਬਾੜੀ ਕੀਮਤ ਕਮਿਸ਼ਨ ਨੇ ਸਾਲ 1983-84 ਦੀ ਹਾੜ੍ਹੀ ਦੀ ਫਸਲ ਲਈ ਕਣਕ ਦੀ ਖਰੀਦ ਕੀਮਤ 155 ਰੁਪਏ ਪ੍ਰਤੀ ਕੁਇੰਟਲ ਮਿਥਣ ਦੀ ਸਿਫਾਰਸ਼ ਕੀਤੀ ਹੈ। ਇਹ ਕੀਮਤ ਪਿਛਲੇ ਸਾਲ ਨਾਲੋਂ ਸਿਰਫ ਚਾਰ ਰੁਪਏ ਪ੍ਰਤੀ ਕੁਇੰਟਲ ਵਧ ਹੈ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਖੇਤੀ ਕਮਿਸ਼ਨ ਨੇ ਇਹ ਬਹਾਨਾ ਲਾ ਕੇ, ਕਿ ਖਾਦਾਂ ਦੀ ਕੀਮਤ ਵਿਚ ਕਮੀ ਕੀਤੀ ਗਈ ਹੈ, ਪਹਿਲੇ ਸਾਲ ਦੇ ਮੁਕਾਬਲੇ ਖਰੀਦ ਕੀਮਤ ਵਿਚ ਸਿਰਫ ਚਾਰ ਰੁਪਏ ਦੇ ਵਾਧੇ ਦੀ ਸਿਫਾਰਸ਼ ਕੀਤੀ ਹੈ। ਇਸ ਵਾਸਤੇ ਖੇਤੀ ਕੀਮਤ ਕਮਿਸ਼ਨ ਨੇ ਇਹ ਬਹਾਨਾ ਵੀ ਲਾਇਆ ਹੈ ਕਿ ਛੋਟੇ ਤੇ ਦਰਮਿਆਨੇ ਕਿਸਾਨਾਂ ਦੀ ਮਦਦ ਲਈ ਸਰਕਾਰ ਨੇ 250 ਕਰੋੜ ਰੁਪਏ ਦੀ ਇਕ ਸਕੀਮ ਵੀ ਚਾਲੂ ਕੀਤੀ ਹੈ।

ਚੇਤੇ ਰਹੇ ਕਿ ਖੇਤੀ ਕੀਮਤ ਕਮਿਸ਼ਨ ਨੇ ਆਪਣੀ ਰੀਪੋਰਟ ਵਿਚ ਇਸ ਗੱਲ ਉਤੇ ਜ਼ੋਰ ਦਿਤਾ ਹੈ ਕਿ ਖੇਤੀਬਾੜੀ ਵਿਚ ਕੰਮ ਆਉਂਦੀਆਂ ਵਸਤਾਂ ਦੀਆਂ ਵਧ ਰਹੀਆਂ ਕੀਮਤਾਂ ਦੇ ਕਾਰਨ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਵਿਸ਼ੇਸ਼ ਕਰਕੇ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ, ਇਸ ਲਈ ਇਹ ਸੁਝਾਅ ਵੀ ਦਿਤਾ ਗਿਆ ਹੈ ਕਿ ਸਿੰਜਾਈ ਸਹੂਲਤਾਂ ਦੇ ਵਿਕਾਸ ਅਤੇ ਖੇਤੀ ਵਿਚ ਕੰਮ ਆਉਣ ਵਾਲੀਆਂ ਵਸਤਾਂ ਦੀ ਖਰੀਦ ਲਈ ਸਬਸਿਡੀ ਦੇਣ ਦੇ ਨਾਲ ਨਾਲ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਖਾਦਾਂ ਦੀ ਖਪਤ ਵਿਚ 25 ਪ੍ਰਤੀਸ਼ਤ ਦੀ ਸਬਸਿਡੀ ਦਿਤੀ ਜਾਏ।

ਸਾਲ 1982-83 ਲਈ ਖੇਤੀ ਕੀਮਤ ਕਮਿਸ਼ਨ ਨੇ ਕਣਕ ਦੀ ਖਰੀਦ ਕੀਮਤ 150 ਰੁਪਏ ਪ੍ਰਤੀ ਕੁਵਿੰਟਲ ਮਿਥਣ ਦੀ ਸਿਫਾਰਸ਼ ਕੀਤੀ ਸੀ ਪਰ ਸਰਕਾਰ ਨੇ ਇਹ ਕੀਮਤ 151 ਰੁਪਏ ਮਿਥੀ।

ਸਾਲ 1983-84 ਲਈ ਕਮਿਸ਼ਨ ਦੀ ਰੀਪੋਰਟ ਹੁਣ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਸ਼ਾਸਤ ਪ੍ਰਦੇਸ਼ਾਂ ਨੂੰ ਭੇਜੀ ਜਾਏਗੀ ਅਤੇ ਰਾਵਾਂ ਲੈਣ ਤੋਂ ਬਾਅਦ ਹੀ ਕੋਈ ਅੰਤਿਮ ਫੈਸਲਾ ਲਿਆ ਜਾਵੇਗਾ।

ਬੱਚੀ ਨਾਲ ਜਬਰਦਸਤੀ

ਬੇਹੋਸ਼ ਹੋਣ ਪਿਛੋਂ ਪੁਲ ਹੇਠ ਸੁਟ ਗਏ

ਹੁਸ਼ਿਆਰਪੁਰ—ਇਥੇ ਇਕ ਸਾਢੇ ਚਾਰ ਸਾਲ ਦੀ ਬੱਚੀ ਨਾਲ ਜਬਰਜਿਨਾਹ ਕੀਤੇ ਜਾਣ ਦੀ ਦਰਦਨਾਕ ਖਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਸਟਾ ਬਜ਼ਾਰ ਦੇ ਚਮਨ ਲਾਲ ਦੀ ਪੁਤਰੀ ਰੇਨੂੰ ਰਾਤ ਜਦੋਂ ਘਰ ਸੁਤੀ ਪਈ ਸੀ ਤਾਂ ਉਸਨੂੰ ਕੁਝ ਵਿਅਕਤੀ ਚੁਕ ਕੇ ਲੈ ਗਏ ਅਤੇ ਨੇੜੇ ਹੀ ਚੋ ਵਿਚ ਲਿਜਾ ਕੇ ਉਸ ਨਾਲ ਜਬਰਦਸਤੀ ਕੀਤੀ ਅਤੇ ਬਾਅਦ ਵਿਚ ਉਸਨੂੰ ਆਪਣੇ ਚਿਤੋਂ ਮਾਰ ਕੇ ਹੀ ਇਕ ਪੁਲ ਹੇਠ ਸੁਟ ਗਏ। ਅਚਾਨਕ ਇਕ ਰਾਹੀ ਦੀ ਨਿਗਾਹ ਪੈ ਗਈ ਉਸ ਨੇ ਬੱਚੀ ਨੂੰ ਪਛਾਣ ਕੇ ਘਰ ਜਾ ਕੇ ਦਸਿਆ। ਰੇਨੂੰ ਨੂੰ ਚੁਕ ਕੇ ਹਸਪਤਾਲ ਪਹੁੰਚਾਇਆ ਗਿਆ ਪਰ ਹਸਪਤਾਲ ਦੇ ਡਾਕਟਰਾਂ ਉਸਦਾ ਇਲਾਜ ਤੁਰੰਤ ਕਰਨ ਤੋਂ ਇਸ ਕਰਕੇ ਇਨਕਾਰ ਕਰ ਦਿਤਾ ਕਿ ਉਹ ਪੁਲਸ ਦੀ ਕਾਰਵਾਈ ਤੋਂ ਪਹਿਲਾਂ ਇਲਾਜ ਨਹੀਂ ਕਰ ਸਕਦੇ ਇਸ ਦੇ ਨਤੀਜੇ ਵਜੋਂ ਉਹ ਸਵੇਰ ਤੱਕ ਬੇਹੋਸ਼ ਹੀ ਪਈ ਰਹੀ ਸਵੇਰੇ ਉਸਦਾ ਇਲਾਜ ਸ਼ੁਰੂ ਹੋਇਆ।

ਚੁੱਪ ਦਾ ਦੀਵਾ ਜੋ ਦਿਲ 'ਚ ਜਗਦਾ ਰਹਿੰਦੈ ਹਰ ਘੜੀ,
ਕਰਦੈ ਉਡੀਕ ਕੀ ਪਤਾ ਕਿਸ ਪੈੜ, ਕਿਸ ਆਵਾਜ਼ ਦੀ।

ਦਿੱਲੀ ਵਿਚ ਹੜਤਾਲ

ਨਵੀਂ ਦਿੱਲੀ — ਭਾਰਤ ਸਰਕਾਰ ਦੀ ਵਿਰੋਧੀ ਜਨਤਾ ਪਾਰਟੀ ਵਲੋਂ ਨਵੀਂ ਦਿੱਲੀ ਵਿਚ ਪੰਜਾਬ ਰਾਜ ਵਿਚ 9 ਹਿੰਦੂਆਂ ਦੀ ਸਿੱਖ ਉਗਰਵਾਦੀਆਂ ਵਲੋਂ ਕੀਤੀ ਗਈ ਹੱਤਿਆ ਦੇ ਕਾਰਨ ਹੜਤਾਲ ਕਰਵਾਈ ਗਈ ਹੈ। ਇਸ ਹੜਤਾਲ ਵਿਚ ਸਿੱਖਾਂ ਅਤੇ ਹਿੰਦੂਆਂ ਨੇ ਰਲ ਕੇ ਭਾਗ ਲਿਆ ਹੈ। ਦਿੱਲੀ ਦੀ ਖਬਰਾਂ ਅਨੁਸਾਰ ਕੁਝ ਦੁਕਾਨਾਂ ਬੰਦ ਹਨ ਪਰ ਸਰਕਾਰੀ ਦਫਤਰ ਖੁਲ੍ਹੇ ਹਨ ਅਤੇ ਬੱਸਾਂ ਚੱਲ ਰਹੀਆਂ ਹਨ

ਕੈਫੀ ਆਜ਼ਮੀ ਲਈ "ਲੋਟਸ ਪ੍ਰਾਈਜ਼"

ਮਾਸਕੋ—ਭਾਰਤ ਦੇ ਉਘੇ ਉਰਦੂ ਕਵੀ ਕੈਫੀ ਆਜ਼ਮੀ ਨੂੰ "ਐਫਰੋਏਸ਼ੀਅਨ ਰਾਈਟਰਜ਼ ਐਸੋਸੀਏਸ਼ਨ" ਵਲੋਂ ਇਸ ਸਾਲ ਦੇ ਸਾਹਿਤ ਲਈ 'ਲੋਟਸ ਪਰਾਈਜ਼'(ਕਮਲ ਇਨਾਮ) ਨਾਲ ਸਨਮਾਨਤ ਕੀਤਾ ਗਿਆ ਹੈ। ਐਸੋਸੀਏਸ਼ਨ ਨੇ ਆਪਣਾ ਤਿੰਨ ਦਿਨਾਂ ਸੈਸ਼ਨ ਉਜ਼ਬੇਕਿਸਤਾਨ ਦੀ ਰਾਜਧਾਨੀ ਤਾਸ਼ਕੰਦ ਵਿਚ ਹੁਣੇ ਹੁਣੇ ਮੁਕੰਮਲ ਕੀਤਾ ਹੈ। ਇਹ ਇਨਾਕ ਹਰ ਸਾਲ ਸਾਹਿਤ ਅਮਨ ਤੇ ਪ੍ਰਗਤੀ ਲਈ ਮਹੱਤਵਪੂਰਨ ਦੇਣ ਲਈ ਦਿਤਾ ਜਾਂਦਾ ਹੈ। ਕੈਫੀ ਆਜ਼ਮੀ ਇਸ ਵੇਲੇ ਇਥੇ ਇਲਾਜ ਲਈ ਆਏ ਹੋਏ ਹਨ।

ਜਾਗੀਰਦਾਰਾਂ ਦੀ ਫੌਜ ਤੇ ਪੁਲਸ ਨੇ ਬਿਹਾਰ 'ਚ 185 ਕਤਲ ਕੀਤੇ

ਨਵੀਂ ਦਿੱਲੀ—ਬਿਹਾਰ ਦੇ ਦਿਹਾਤੀ ਇਲਾਕਿਆਂ ਵਿਚ ਜਾਗੀਰਦਾਰਾਂ ਦੀਆਂ ਨਿੱਜੀ ਫੌਜਾਂ ਅਤੇ ਪੁਲਸ ਵਲੋਂ ਜਨਵਰੀ 1980 ਤੋਂ ਲੈ ਕੇ ਜੂਨ 1983 ਤਕ 185 ਕਿਸਾਨ ਅਤੇ ਰਾਜਨੀਤਕ ਕਾਰਕੁਨ ਕਤਲ ਕੀਤੇ ਗਏ—ਇਹ ਗਲ ਜਮਹੂਰੀ ਅਧਿਕਾਰਾਂ ਲਈ ਲੋਕਾਂ ਦੀ ਯੂਨੀਅਨ (ਪੀ. ਯੂ. ਡੀ. ਆਰ.) ਵਲੋਂ ਤਿਆਰ ਕੀਤੀ ਗਈ ਇਕ ਰਿਪੋਰਟ ਵਿਚ ਆਖੀ ਗਈ ਹੈ। ਜਾਗੀਰਦਾਰਾਂ ਦੇ ਕਹਿਰ ਦਾ ਸ਼ਿਕਾਰ ਹੋਣ ਵਾਲੇ ਜ਼ਿਆਦਾਤਰ ਕਰੀਬ ਕਿਸਾਨ ਹੁੰਦੇ ਹਨ। ਜਾਗੀਰਦਾਰਾਂ ਦੀ ਨਿੱਜੀ ਫੌਜ, ਜਿਸਨੂੰ ਭੂਮੀ ਸੈਨਾ ਕਿਹਾ ਜਾਂਦਾ ਹੈ, 108 ਕਤਲਾਂ ਲਈ ਜ਼ਿੰਮੇਵਾਰ ਹੈ। ਜਦੋਂ ਕਿ ਕਿਸਾਨ ਜਥੇਬੰਦੀਆਂ ਦੇ 77 ਕਿਸਾਨ ਆਗੂਆਂ ਅਤੇ ਕਾਰਕੁਨਾਂ ਨੂੰ ਪੁਲਸ ਨੇ ਝੂਠੇ ਮੁਕਾਬਲਿਆਂ ਦੀ ਆੜ ਵਿਚ ਕਤਲ ਕੀਤਾ।

ਉਤਰ ਪ੍ਰਦੇਸ਼ 'ਚ ਚਾਰ ਵਿਰੋਧੀ ਪਾਰਟੀਆਂ ਵਲੋਂ ਜੇਲ੍ਹ ਭਰੋ ਅੰਦੋਲਨ ਵੱਖ ਵੱਖ ਥਾਈਂ ਚਾਲੀ ਹਜ਼ਾਰ ਤੋਂ ਵੱਧ ਵਲੰਟੀਅਰ ਗ੍ਰਿਫਤਾਰ

ਲਖਨਊ—ਉਤਰ ਪ੍ਰਦੇਸ਼ ਵਿਚ ਚਾਰ ਵਿਰੋਧੀ ਪਾਰਟੀਆਂ ਵਲੋਂ "ਜੇਲ੍ਹ ਭਰੋ ਅੰਦੋਲਨ" ਦੌਰਾਨ ਕਲ੍ਹ ਤਾਈਂ ਰਾਜ ਦੇ ਵਖ ਵਖ ਭਾਗਾਂ ਵਿਚ 40,000 ਤੋਂ ਵਧ ਵਲੰਟੀਅਰਾਂ ਨੇ ਗ੍ਰਿਫਤਾਰੀ ਦਿਤੀ। ਇਹਨਾਂ ਪਾਰਟੀਆਂ ਵਿਚ ਭਾਰਤੀ ਕਮਿਊਨਿਸਟ ਪਾਰਟੀ, ਮਾਰਕਸੀ ਪਾਰਟੀ, ਡੈਮੋਕਰੇਟਿਕ ਸੋਸ਼ਲਿਸਟ ਪਾਰਟੀ ਅਤੇ ਕਾਂਗਰਸ(ਜ) ਸ਼ਾਮਲ ਹਨ।

ਇਹਨਾਂ ਚਾਰ ਵਿਰੋਧੀ ਪਾਰਟੀਆਂ ਨੇ ਰਾਜ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਮਜ਼ਦੂਰ ਕਿਸਾਨ ਵਿਰੋਧੀ ਨੀਤੀਆਂ ਦੇ ਖਿਲਾਫ ਇਕ ਹਫਤੇ ਭਰ ਲਈ "ਜੇਲ ਭਰੋ ਅੰਦੋਲਨ' ਸ਼ੁਰੂ ਕੀਤਾ ਹੈ।

ਗ੍ਰਿਫਤਾਰੀਆਂ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਨੇ ਵੱਖ ਵੱਖ ਸ਼ਹਿਰਾਂ ਵਿਚ ਮੁਜ਼ਾਹਰੇ ਕੀਤੇ ਜਿਹਨਾਂ ਵਿਚ ਹਰੀਜਨਾਂ ਉਤੇ ਪੁਲਸ ਜ਼ਿਆਦਤੀਆਂ ਵਿਰੁਧ ਰੋਹ ਪ੍ਰਗਟ ਕਰਦਿਆਂ ਮੰਗ ਕੀਤੀ ਗਈ ਕਿ ਮਜ਼ਦੂਰਾਂ ਨੂੰ ਘਟੋ ਘਟ ਉਜਰਤ ਮੁਨਾਸਬ ਮਾਤਰਾ ਵਿਚ ਦਿਤੀ ਜਾਏ।

ਕੀ ਸ਼ਹਿਨਸ਼ਾਹੀ ਸ਼ਾਦੀ ਦੀ ਜਾਂਚ ਹੋਵੇਗੀ ?

ਜੈਪੁਰ — ਰਾਜਸਥਾਨ ਦੇ ਸਨਅਤ ਡਾਇਰੈਕਟਰ ਮੁਨਾਲਾਲ ਗੋਇਲ ਆਈ ਏ ਐਸ ਨੇ ਹਾਲ ਵਿਚ ਹੀ ਆਪਣੀ ਕੁੜੀ ਦੇ ਵਿਆਹ ਉਤੇ ਸ਼ਾਨਸ਼ੌਕਤ ਦੇ ਸਾਰੇ ਰਿਕਾਰਡ ਤੋੜ ਦਿਤੇ। ਕੁੜੀ ਦਾ ਵਿਆਹ ਰਾਜਸਥਾਨ ਦੇ ਐਕਸਾਈਜ਼ ਕਮਿਸ਼ਨਰ ਗੋਪੇਸ਼ ਭੱਟ ਆਈ.ਏ.ਐਸ. ਮਨੋਜ ਭੱਟ ਆਈ.ਪੀ.ਐਸ. ਨਾਲ ਹੋਇਆ।

ਸ੍ਰੀ ਗੋਪਾਲ ਨੇ ਵਿਆਹ ਦੇ ਅੱਠ ਹਜ਼ਾਰ ਸੱਦਾ ਕਾਰਡ ਵੰਡੇ ਆਪਣੇ ਵਿਭਾਗ ਅਤੇ ਦੂਜੇ ਵਿਭਾਗਾਂ ਦੇ ਸਾਰੇ ਅਧਿਕਾਰੀਆਂ ਦੇ ਇਲਾਵਾ ਰਾਜਸਥਾਨ ਦੇ ਵੱਡੇ ਲੋਕ (ਵੀ.ਆਈ.ਪੀ.) ਅਤੇ ਵੱਡੇ ਸਨਅਤਕਾਰਾਂ ਨੂੰ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਗਿਆ। ਲਗਭਗ ਸੱਤ ਹਜ਼ਾਰ ਪ੍ਰਾਹੁਣੇ ਆਏ।

ਵਿਆਹ ਸਮਾਂਰੋਹ ਦੇ ਵਿਚ ਭਾਗ ਲੈਣ ਵਾਲਿਆਂ ਦਾ ਖਿਆਲ ਹੈ ਕਿ ਸਿਰਫ ਸਜਾਵਟ ਤੇ 50 ਹਜ਼ਾਰ ਰੁਪਏ ਤੋਂ ਘੱਟ ਖਰਚ ਨਹੀਂ ਹੋਇਆ ਹੋਵੇਗਾ।

ਦੋਸ਼ ਲਾਇਆ ਗਿਆ ਹੈ ਕਿ ਸਨਅਤਕਾਰਾਂ ਅਤੇ ਵਿਉਪਾਰੀਆਂ ਨੇ ਲਗਭਗ 20 ਲੱਖ ਰੁਪਏ ਦੇ ਤੋਹਫੇ ਦਿਤੇ। "ਕੰਨਿਆਦਾਲ"ਦੀ ਰਕਮ ਡੇਢ ਲੱਖ ਰੁਪਏ ਤੋਂ ਉਪਰ ਸੀ।

ਇਹ ਗਾਂਧੀ ਦੀ ਅਸਲੀ ਐਨਕ ਨਹੀਂ

ਮਹਾਤਮਾਂ ਗਾਂਧੀ ਦੁਆਰਾ ਲਾਈਆਂ ਜਾਂਦੀਆਂ ਅਸਲੀ ਐਨਕਾਂ 1960 ਵਿਚ ਨਵੰਬਰ ਮਹੀਨੇ ਨੈਸ਼ਨਲ ਮਿਊਜ਼ੀਅਮ ਵਿਚੋਂ ਚੁਰਾ ਲਈਆਂ ਗਏਆਂ ਸਨ। ਅਤੇ ਇਸੇ ਤਰ੍ਹਾਂ ਦੀਆਂ ਐਨਕਾਂ ਦਾ ਇਕ ਹੋਰ ਜੋੜਾ ਪੁਰਾਣੀ ਦਿੱਲੀ ਵਿਚ ਜੰਕ ਮਾਰਕੀਟ ਤੋਂ ਲਿਆ ਕੇ ਇਥੇ ਰੱਖ ਦਿੱਤਾ ਗਿਆ ਸੀ।

ਭਾਰਤ-ਚੀਨ ਸੀਮਾ ਵਿਵਾਦ ਹੱਲ ਹੋ ਜਾਵੇਗਾ

ਨਵੀਂ ਦਿੱਲੀ—ਭਾਰਤ ਅਤੇ ਚੀਨ ਦੇ ਵਿਦੇਸ਼ ਮੰਤਰੀਆਂ ਦੀ ਗਲਬਾਤ ਪਿਛੋਂ ਮਾਹੌਲ ਠੀਕ ਹੋ ਗਿਆ ਹੈ ਅਤੇ ਰਾਜਸੀ ਹਲਕਿਆਂ ਵਿਚ 24 ਅਕਤੂਬਰ ਨੂੰ ਹੋ ਰਹੀ ਗਲਬਾਤ ਦੇ ਚੰਗੇ ਸਿੱਟਿਆਂ ਦੀ ਆਸ਼ਾ ਕੀਤੀ ਜਾਂਦੀ ਹੈ।

ਦੋਵਾਂ ਪਾਸਿਆਂ ਤੋਂ ਪਹਿਲਾਂ ਹੋਈ ਗਲਬਾਤ ਤੇ ਸੰਤੁਸ਼ਟਤਾ ਪ੍ਰਗਟ ਕੀਤੀ ਗਈ ਹੈ—ਪਹਿਲੀ ਗਲਬਾਤ ਨਾਲ ਇਕ ਦੂਜੇ ਪ੍ਰਤੀ ਸਥਿਤੀ ਸਪੱਸ਼ਟ ਹੋ ਗਈ ਹੈ। ਖਬਰ ਹੈ ਕਿ ਭਾਰਤ ਦੇ ਵਿਦੇਸ਼ ਮੰਤਰੀ ਛੇਤੀ ਹੀ ਚੀਨ ਦੀ ਯਾਤਰਾ ਤੇ ਵੀ ਜਾ ਰਹੇ ਹਨ।

ਗੁਰਦੁਆਰੇ 'ਚ ਅਕਾਲੀਆਂ 'ਚ ਝੜਪਾਂ-5 ਗਰੰਥੀ ਫੱਟੜ

ਨਵੀਂ ਦਿੱਲੀ—ਇਥੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਅਕਾਲੀ ਦਲ ਦੇ ਦੋ ਵਿਰੋਧੀ ਧੜਿਆਂ ਵਿਚ ਹੋਈਆਂ ਝੜੱਪਾਂ ਵਿਚ ਪੰਜ ਗ੍ਰੰਥੀ ਸਿੰਘ ਜ਼ਖਮੀ ਹੋ ਗਏ ਜਿਹਨਾਂ ਵਿਚੋਂ ਦੋ ਗਰੰਥੀਆਂ ਦੀ ਹਾਲਤ ਨਾਜ਼ੁਕ ਹੈ। ਇਹ ਲੜਾਈ ਕੋਈ ਇਕ ਘੰਟਾ ਹੁੰਦੀ ਰਹੀ ਤੇ ਇਸ ਵਿਚ ਦੋਹਾਂ ਪਾਸਿਆਂ ਤੋਂ ਤਲਵਾਰਾਂ, ਚਾਕੂਆਂ ਅਤੇ ਬਰਛਿਆਂ ਦੀ ਖੁਲ੍ਹੀ ਵਰਤੋਂ ਕੀਤੀ ਗਈ ਸੀਨੀਅਰ ਪੁਲਸ ਅਧਿਕਾਰੀਆਂ ਤੇ ਵਡੇ ਲੀਡਰਾਂ ਦੇ ਦਖਲ ਉਤੇ ਹੀ ਹਾਲਮ ਕਾਬੂ ਹੇਠ ਲਿਆਂਦੀ ਜਾ ਸਕੀ। ਇਸ ਤੋਂ ਪਹਿਲਾਂ (ਯੂ. ਐਨ. ਆਈ.) ਅਨੁਸਾਰ—ਸੰਤ ਲੌਂਗੋਵਾਲ ਅਕਾਲੀ ਦਲ ਦੇ ਯੂਥ ਵਿੰਗ ਦੇ ਕੋਈ 300 ਵਰਕਰਾਂ ਨੇ ਬੰਗਲਾ ਸਾਹਿਬ ਗੁਰਦੁਆਰੇ ਉਤੇ ਜਬਰੀ ਕਬਜ਼ਾ ਕਰਕੇ ਆਪਣੀ ਇਕ ਦਿਨਾਂ ਕਨਵੈਨਸ਼ਨ ਕੀਤਾ।

ਉਹਨਾਂ ਇਕ ਦਮ ਗੁਰਦੁਆਰੇ ਉਤੇ ਧਾਵਾ ਬੋਲਿਆ ਅਤੇ ਸਾਰੇ ਕਮਰਿਆਂ ਨੂੰ ਜੰਦਰੇ ਮਾਰ ਕੇ ਵੱਡੇ ਹਾਲ ਵਿਚ ਆਪਣੀ ਕਨਵੈਨਸ਼ਨ ਸ਼ੁਰੂ ਕਰ ਦਿਤੀ। ਦਲ ਦੇ ਯੂਥ ਵਿੰਗ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਨੇ ਦੋਸ਼ ਲਾਇਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਚੰਦਾ ਨੇ ਉਹਨਾਂ ਨੂੰ ਕਨਵੈਨਸ਼ਨ ਕਰਨ ਤੋਂ ਰੋਕਿਆ ਅਤੇ ਧਮਕੀਆਂ ਦਿਤੀਆਂ। ਹਾਲਾਂ ਕਿ ਕਮੇਟੀ ਦੇ ਜਨਰਲ ਸਕੱਤਰ ਮਾਸਟਰ ਸੁੱਚਾ ਸਿੰਘ ਨੇ ਉਹਨਾਂ ਨੂੰ ਕਨਵੈਨਸ਼ਨ ਕਰਨ ਦੀ ਲਿਖਤੀ ਆਗਿਆ ਦਿਤੀ ਹੋਈ ਸੀ।

ਗੁਰਦੁਆਰਾ ਅਧਿਕਾਰੀਆਂ ਨੇ ਬਿਜਲੀ ਦੀਆਂ ਸਵਿਚਾਂ ਬੰਦ ਕਰਕੇ ਕਨਵੈਨਸ਼ਨ ਵਿਚ ਗੜਬੜ ਪਾਉਣ ਦੀ ਨਾਕਾਮ ਜਿਹੀ ਕੋਸ਼ਿਸ਼ ਕੀਤੀ। ਇਸ ਸਮੇਂ ਦੋਹਾਂ ਗਰੁਪਾਂ ਦੇ ਕੁਝ ਵਿਅਕਤੀਆਂ ਵਿਚ ਝੜੱਪਾਂ ਹੋਈਆਂ ਜਿਹਨਾਂ ਵਿਚ ਤਲਵਾਰਾਂ ਦੀ ਵਰਤੋਂ ਕੀਤੀ ਗਈ।

ਜੰਗੀ ਹਥਿਆਰ ਪਾਕ ਹਿੰਦ ਨਾਲੋਂ ਇਕ ਦਹਾਕਾ ਅੱਗੇ

ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੇ ਇਸ ਗੱਲ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ ਕਿ ਪਾਕਿਸਤਾਨ ਅਮਰੀਕਾ ਤੋਂ ਖਤਰਨਾਕ ਹਥਿਆਰ ਹਾਸਲ ਕਰਕੇ ਹਿੰਦ ਨਾਲੋਂ ਦਸ ਸਾਲ ਅੱਗੇ ਲੰਘ ਗਿਆ ਹੈ। ਉਹਨਾ ਇਸ ਗੱਲ ਉਤੇ ਵੀ ਚਿੰਤਾ ਪਰਗਟ ਕੀਤੀ ਕਿ ਪਾਕਿਸਤਾਨ ਨੂੰ ਅਜੇਹੇ ਐਟਮੀ ਪ੍ਰੋਗਰਾਮ ਲਈ ਵੀ ਸਹਾਇਤਾ ਮਿਲ ਰਹੀ ਹੈ, ਜਿਸਦਾ ਮੰਤਵ ਬੰਬ ਬਣਾਉਣਾ ਦਸਿਆ ਜਾਂਦਾ ਹੈ।

ਸਸਤੇ ਤੋਂ ਸਸਤੇ ਘਰ ਵੀ ਮਹਿੰਗੇ

ਨਵੀਂ ਦਿੱਲੀ—ਪਬਲਿਕ ਏਜੰਸੀਆਂ ਵਲੋਂ ਉਸਾਰੇ ਜਾ ਰਹੇ ਸਸਤੇ ਤੋਂ ਸਸਤੇ ਘਰ ਘਟ ਆਮਦਨ ਵਾਲੇ ਕਮਜ਼ੋਰ ਵਰਗਾਂ ਦੀ ਪਹੁੰਚ ਤੋਂ ਬਾਹਰ ਹਨ ਇਹ ਗਲ ਪਲੈਨਿੰਗ ਕਮਿਸ਼ਨ ਵਲੋਂ ਕਾਇਮ ਕੀਤੇ ਗਏ ਟਾਸਕ ਫੋਰਸ ਗਰੁਪ ਵਲੋਂ ਦਸੀ ਗਈ ਹੈ।

ਸਾ ਹਿ ਤ ਦ ਰ ਪ ਣ

'ਮਿੱਤਰ' ਤੇ 'ਰਾਸ਼ਾ'

ਕਰਤਾਰ ਸਿੰਘ ਕਾਲੜਾ

ਨਿੱਕੇ ਹੁੰਦਿਆਂ ਵੇਖਦੇ ਹੁੰਦੇ ਸਾਂ, ਹੱਥ ਵਿਚ ਬੇਲਚੇ ਲਈ ਸਰਦੀਆਂ ਵਿਚ ਵੀ ਪਾਣੀ ਵਿਚ ਖਲੋਤੇ ਨਿਰੋਲ ਗਾਰੇ ਦੀਆਂ ਕੰਧਾਂ ਬਣਾ ਰਹੇ ਸੁਰਖ-ਰੂ ਬੰਦੇ ਕਿੰਨੇ ਅਜੀਬ ਲਗਦੇ ਸਨ। ਛੋਟੇ ਛੋਟੇ ਮਿੱਤਰ ਹਮਜੋਲੀ ਕਿਹਾ ਕਰਦੇ ਸਨ ਕਿ ਇਹ 'ਰਾਸ਼ੇ' ਹਨ, ਇਨ੍ਹਾਂ ਤੋਂ ਬਚ ਕੇ ਰਹਿਓ, ਇਹ ਛੋਟੇ ਬੱਚਿਆਂ ਨੂੰ ਚੁੱਕ ਕੇ ਲੈ ਜਾਂਦੇ ਹਨ।

ਥੋੜੇ ਸਿਆਣੇ ਹੋਏ ਤਾਂ 'ਪ੍ਰੇਮੀ ਦੇ ਨਿਆਣੇ' ਕਹਾਣੀ ਪੜ੍ਹੀ, ਸੰਤ ਸਿੰਘ ਸੇਖੋਂ ਨੇ ਵੀ ਇਹੀ ਗੱਲ ਲਿਖੀ ਤੇ ਪ੍ਰਭਾਵ ਵੀ ਅਜਿਹਾ ਬਣ ਗਿਆ ਕਿ 'ਰਾਸ਼ੇ' ਸੱਚ ਮੁੱਚ 'ਵਾਹਿਗੁਰੂ' ਵਾਹਿਗੁਰੂ' ਦੇ ਮੰਤਰ ਨਾਲ ਹੀ ਪਰ੍ਹੇ ਰਖੇ ਜਾ ਸਕਦੇ ਹਨ। ਉਂਝ ਇਨ੍ਹਾਂ ਖਤਰਨਾਕ ਕਿਸਮ ਦੇ ਜੀਵਾਂ ਤੋਂ ਜਾਨ ਬਚਾਉਣੀ ਬੜੀ ਔਖੀ ਗੱਲ ਹੈ।

ਪਾਕਿਸਤਾਨ ਬਣ ਗਿਆ। ਅਸੀਂ 'ਆਪਣੀ ਧਰਤੀ, ਆਪਣੇ ਦੇਸ' ਨੂੰ ਛੱਡ ਕੇ ਓਪਰੀ ਧਰਤੀ ਵਿਚ ਆ ਪੈਰ ਜਮਾਏ। ਪੜ੍ਹਾਈ ਕਰ ਲਈ, ਕਾਰੋਬਾਰ ਵਿਚ ਲੱਗ ਗਏ। ਨਾਲ ਨਾਲ ਕਵਿਤਾ ਵਿਚ ਵੀ ਮੂੰਹ ਮਾਰਨਾ ਸ਼ੁਰੂ ਕੀਤਾ ਹੋਇਆ ਸੀ। ਇਕ ਦਿਨ ਅਚਾਨਕ ਇਕ ਘਟਨਾ ਵਾਪਰੀ। 'ਸੋਨ ਸਵੇਰਾ' ਮਾਸਕ ਪੱਤਰ ਦੇ ਦਫਤਰ ਬੈਠੇ ਸਾਂ ਕਿ ਸਵਰਨ ਸਿੰਘ 'ਪਰਵਾਨਾ' ਨੂੰ ਮਿਲਣ ਵਾਸਤੇ ਜਸਵੰਤ ਸਿੰਘ ਰਾਮਪੁਰੀ ਤੇ ਮਿੱਤਰ ਰਾਸ਼ਾ ਆ ਗਏ। ਰਾਮਪੁਰੀਆਂ ਨਾਲ ਤਾਂ ਉਂਝ ਹੀ ਸਾਹਿਤ ਪ੍ਰੇਮੀਆਂ ਨੂੰ ਇਕ ਪ੍ਰਕਾਰ ਦਾ ਮੋਹ ਹੈ ਅਤੇ ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ ਤੇ ਮੁਹਿੰਦਰ ਰਾਮਪੁਰੀ ਦੀ ਮਿੱਤਰਤਾ ਨੇ ਇਸ ਮੋਹ ਵਿਚ ਹੋਰ ਵੀ ਵਾਧਾ ਕੀਤਾ ਹੈ। ਇਸ ਲਈ ਜਸਵੰਤ ਰਾਮਪੁਰੀ ਨੂੰ ਮਿਲ ਕੇ ਤਾਂ ਬਹੁਤ ਖੁਸ਼ੀ ਹੋਈ ਪਰੰਤੂ 'ਮਿੱਤਰ' ਤੇ 'ਰਾਸ਼ਾ' ਦੋ ਵਿਰੋਧੀ ਤੱਤ ਇਕੋ ਨਾਂ ਨਾਲ ਜੁੜੇ ਸੁਣਕੇ ਮਨ ਵਿਚ ਵਿਚਾਰ ਪੈਦਾ ਹੋਇਆ 'ਇਹ ਪਠਾਣ-ਨੁਮਾ ਸੂਰਤ ਹੈ ਤੇ ਰਾਸ਼ਿਆਂ ਵਾਲੀ ਹੀ ਪਰੰਤੂ 'ਰਾਸ਼ੇ' 'ਮਿੱਤਰ' ਵੀ ਹੋ ਸਕਦੇ ਹਨ ਇਹ ਬੜੀ ਅਜੀਬ ਤੇ ਗੁੰਝਲ ਵਾਲੀ ਗੱਲ ਹੈ' ਤੇ ਮੈਂ ਏਸੇ ਗੁੰਝਲ ਵਿਚ ਫਸਿਆ ਉਸ ਦਿਨ ਗੱਲ ਬਾਤ ਵਿਚ ਖੁਲ੍ਹ ਨਾ ਸਕਿਆ ਤੇ ਸਮੱਸਿਆ-ਗ੍ਰਸਤ ਗੁੰਮ ਸੁੰਮ ਜਿਹਾ ਰਿਹਾ।

ਕੁਝ ਦਿਨਾਂ ਮਗਰੋਂ ਇਕ ਸਾਹਿਤਕ ਇਕੱਤਰਤਾ ਵਿਚ ਇਸੇ ਤ੍ਰਿਘੜੀ ਦੇ ਫਿਰ ਦਰਸ਼ਨ ਹੋਏ ਤੇ ਪਤਾ ਲੱਗਾ ਕਿ 'ਮਿੱਤਰ', 'ਰਾਸ਼ਾ', ਵੀ ਹੈ ਤੇ 'ਕਵੀ' ਵੀ। ਵਾਹ, ਬੱਲੇ ਬੱਲੇ ਹੱਦ ਹੋ ਗਈ। ਅੱਜ ਤਾਂ ਕਮਾਲ ਦੀ ਲੱਤ ਟੁੱਟ ਗਈ ਸੀ। ਤੇ ਸੱਚਮੁਚ ਰਾਸ਼ੇ ਨੇ ਮਿੱਤਰਾਂ ਦੀ ਯਾਦ ਵਿਚ ਕਵਿਤਾ ਉਚਾਰਨ ਕੀਤੀ। ਮੇਰੇ ਪਹਿਲੇ ਦਵੰਦ ਵਿਚੋਂ ਮੈਨੂੰ ਕੱਢਣ ਵਲ ਕਦਮ ਪੁੱਟਿਆ ਗਿਆ—ਸੁਚੇਤ ਨਹੀਂ ਅਚੇਤ ਹੀ। ਮੈਂ ਸੋਚਣ ਲਗਾ ਹਾਂ ਇਹ ਵੀ ਮਨੁੱਖ ਹੈ—'ਰਾਸ਼ਾ' ਨਹੀਂ। 'ਰਾਸ਼ਾ' ਤਾਂ ਇਸ ਨੇ ਕਿਸੇ ਪਿਛੋਕੜ ਕਰਕੇ ਨਾਂ ਮਾਤਰ ਹੀ ਧਾਰਨ ਕੀਤਾ ਹੈ, ਉਂਝ ਜਾਪਦਾ ਇਹ 'ਮਿੱਤਰ' ਹੀ ਹੈ। ਦੋ ਚਾਰ ਮਿਲਣੀਆਂ ਵਿਚ ਉਸ ਦੀ ਖੁਸ਼ ਮਿਜ਼ਾਜੀ ਨੇ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ—ਇਕ ਤਰ੍ਹਾਂ ਨਾਲ 'ਰਾਸ਼ਿਆਂ', ਨਾਲ ਮੋਹ ਤੰਦ ਦੀ ਸਾਂਝ ਆਰੰਭ ਹੋ ਗਈ।

ਮਿੱਤਰ ਰਾਸ਼ਾ ਇਕ ਦੰਮ ਅਲੋਪ ਹੀ ਹੋ ਗਿਆ। ਸੋਚਿਆ ਕਿਤੇ ਚਲਾ ਗਿਆ ਹੋਵੇਗਾ ਕਾਰੋਬਾਰ ਦੇ ਸਿਲਸਿਲੇ ਵਿਚ ਜਾਂ ਨੌਕਰੀ ਆਦਿ ਦੇ ਸੰਬੰਧ ਵਿਚ। ਨਿਰੀ ਕਵਿਤਾ ਤਾਂ ਢਿੱਡ ਨਹੀਂ ਨਾ ਭਰ ਸਕਦੀ— ਤੇ ਉਹ ਵੀ ਪੰਜਾਬੀ ਦੀ, ਜਿਸਨੂੰ ਲਿਖ ਕੇ ਛਾਪਣ ਲਈ ਸੌ ਪਾਪੜ ਵੇਲਣੇ ਪੈਂਦੇ ਹਨ। ਪਰਵਾਨਾ ਜੀ ਤੋਂ ਪਤਾ ਲਗਾ ਕਿ ਉਹ ਕੈਨੇਡਾ ਚਲਾ ਗਿਆ ਹੈ। ਸੋ, ਚੁਲ੍ਹਿਓਂ-ਦੂਰ, ਸੋ ਦੂਰ। ਰਾਸ਼ਾ ਇਕ ਝਲਕ ਨਾਲ ਆਇਆ ਸੀ ਤੇ ਉਵੇਂ ਹੀ ਥੋੜਾ ਪ੍ਰਭਾਵ ਛੱਡ ਕੇ ਚਲਾ ਗਿਆ। ਗੱਲ ਭੁੱਲੀ ਵਿਸਰੀ ਹੋ ਗਈ। ਜਸਵੰਤ ਰਾਮਪੁਰੀ ਵੀ ਭੁੱਲ ਗਿਆ ਤੇ ਰਾਸ਼ਾ ਵੀ।

ਇਕ ਦਿਨ 'ਪਰਵਾਨਾ' ਜੀ ਨੇ ਦੱਸਿਆ ਕਿ ਮਿੱਤਰ ਰਾਸ਼ਾ ਆਇਆ ਸੀ ਕੈਨੇਡਾ ਤੋਂ ਤੇ ਅੱਜ ਹੀ ਵਾਪਸ ਗਿਆ ਹੈ। ਯਾਦ ਤਾਜ਼ਾ ਹੋ ਗਈ ਪਰ ਮੇਲ ਨਾ ਹੋਇਆ। ਕਈ ਸਾਲ ਲੰਘ ਗਏ। ਪਰਵਾਨਾ ਵੀ ਦੇਸ਼ ਛੱਡ ਗਿਆ ਤੇ ਇਹ ਤ੍ਰਿਘੜਾ ਹੀ ਸਾਥੋਂ ਵਿਛੜ ਗਿਆ।

ਮੀਰ ਦੇ ਐਡੀਟਰ ਪੁਰਦਮਨ ਸਿੰਘ ਬੇਦੀ ਨੇ ਦੱਸਿਆ ਕਿ 'ਰਾਸ਼ਾ' ਕੈਨੇਡਾ ਤੋਂ ਆਇਆ ਸੀ। ਉਸ ਦੀ ਪੁਸਤਕ 'ਅਕਾਸਮਾ' ਛਪੀ ਹੈ ਛਪਵਾ ਕੇ ਚਲਾ ਗਿਆ। ਕੁਝ ਦਿਨ ਵਾਹਵਾਹ ਰੌਣਕ ਲੱਗੀ ਰਹੀ ਹੈ 'ਰਾਸ਼ੇ', ਨਾਲ ਪਰ ਮੈਂ ਉਦੋਂ ਬੇਦੀ ਦੇ ਸਰਕਲ ਵਿਚ ਬਹੁਤ ਨਹੀਂ ਸੀ—ਐਵੇਂ ਓਪਰੀ ਓਪਰੀ ਜਿਹੀ ਗੱਲ ਸੀ ਸੋ ਇਸ ਜ਼ਿਕਰ ਨੂੰ ਮੈਂ ਸਰਸਰੀ ਹੀ ਮੰਨਿਆ। ਭਾਵੇਂ ਰਾਸ਼ੇ ਦੀ ਯਾਦ ਨੇ ਮਨ ਦੀਆਂ ਤਹਿਆਂ ਨੂੰ ਕੁਰੇਦਿਆ ਜ਼ਰੂਰ ਪਰ ਗੱਲ ਆਈ ਗਈ ਹੋ ਗਈ।

ਪਰ ਐਤਕਾਂ ਤਾਂ ਹੱਦ ਹੀ ਹੋ ਗਈ। ਬੇਦੀ ਨੇ ਦਸਿਆ ਕਿ ਮਿੱਤਰ ਰਾਸ਼ਾ ਆਇਆ ਹੈ। ਹਾਲੇ ਭਾਰਤ ਵਿਚ ਹੈ ਤੇ ਘੱਟੋ ਘੱਟ ਦੋ ਮਹੀਨੇ ਤਾਂ ਰਹੇਗਾ ਹੀ। ਸੋ ਸੱਚਮੁੱਚ ਐਤਕਾਂ ਜਿੰਨੇ ਮੇਲ ਦੇ ਅਵਸਰ ਬਣੇ ਉੱਨੀ ਹੀ ਨੇੜਤਾ ਵਧੀ ਤੇ 'ਰਾਸ਼ਾ' ਸੱਚਮੁੱਚ 'ਮਿੱਤਰ' ਵਧੇਰੇ ਪ੍ਰਤੀਤ ਹੋਣ ਲਗਾ। ਉਸ ਦੀਆਂ ਤਿੰਨ ਕਾਵਿ ਪੁਸਤਕਾਂ ਪ੍ਰਕਾਸ਼ਿਤ ਹੋ ਰਹੀਆਂ ਹਨ ਤੇ ਉਹ ਪੁਸਤਕਾਂ ਉਹ ਰੀਲੀਜ਼ ਕਰਵਾ ਕੇ ਹੀ ਭਾਰਤ ਵਿਚੋਂ ਆਪਣੇ ਕਾਰੋਬਾਰੀ ਖੇਤਰ ਨੂੰ ਪਰਤੇਗਾ ਪੁਸਤਕਾਂ 'ਬੇਦੀ' ਕੋਲ ਤਾਂ ਨਹੀਂ ਛਪੀਆਂ ਸਨ ਕਿਉਂ ਜੋ ਉਹ ਆਪਣੇ ਛੋਟੇ ਵੀਰ ਦੇ ਵਿਆਹ ਕਾਰਜ ਵਿਚ ਰੁਝਿਆ ਹੋਇਆ ਸੀ ਪ੍ਰੈਸ ਵੱਲ ਫਿਕਰ-ਮੰਦ ਹੁੰਦਿਆਂ ਵੀ ਉਹ ਪੂਰਾ ਧਿਆਨ ਪ੍ਰੈਸ ਦੇ ਕੰਮਾਂ ਵੱਲ ਨਹੀਂ ਸੀ ਦੇ ਸਕਦਾ। ਪਰੰਤੂ ਪੁਸਤਕਾਂ ਬਾਰੇ ਸੁਗੰਧੀ ਆਉਂਦੀ ਰਹੀ ਤੇ ਰਾਸ਼ੇ ਦਾ ਮੇਲ ਹੁੰਦਾ ਰਿਹਾ। ਇਕ ਦਿਨ ਰਾਸ਼ੇ ਸੰਬੰਧੀ ਸਮਾਰੋਹ ਦੀ ਗੱਲ ਹੋ ਰਹੀ ਸੀ—ਮੇਰੇ ਜ਼ਿੰਮੇ ਵੀ ਉਸ ਬਾਰੇ ਇਕ ਲੇਖ ਲਿਖਣ ਦਾ ਕੰਮ ਲਾ ਦਿਤਾ ਗਿਆ। ਇਸ ਅਵਸਰ ਨੂੰ, ਰਾਸ਼ੇ, ਨੂੰ ਨਿਕਟਵਰਤੀ 'ਮਿੱਤਰ' ਵਜੋਂ ਵੇਖਣ ਦੀ ਰੀਝ-ਵੱਸ ਲੈਂਦੇ ਹੋਏ, ਮੈਂ ਇਸ ਜ਼ਿਮੇਦਾਰੀ ਲਈ ਹਾਮੀ ਭਰ ਦਿੱਤੀ। ਹੁਣ ਗੱਲ ਕਿਵੇਂ ਬਣੇ, 'ਅਕਾਸਮਾ' ਪੜ੍ਹੀ ਨਹੀਂ ਸੀ—ਛਪ ਰਹੀਆਂ ਪੁਸਤਕਾਂ ਦੇ ਖਰੜੇ ਪ੍ਰਕਾਸ਼ਕ ਕੋਲ ਪਏ ਸਨ 'ਮਿੱਤਰ ਰਾਸ਼ਾ' ਡੇਹਰਾਦੂਨ ਆਪਣੇ ਬੱਚਿਆਂ ਕੋਲ ਚਲਾ ਗਿਆ ਸੀ। ਲੇਖ ਲਿਖਿਆ ਕਿਵੇਂ ਜਾਵੇ! ਇਕ ਦਿਨ ਬੇਦੀ ਸਾਹਿਬ ਨੂੰ ਕਿਹਾ ਕਿ ਮਿੱਤਰ ਰਾਸ਼ੇ ਨਾਲ ਗੱਲ ਬਾਤ ਹੋਵੇਗੀ ਤਾਂ ਹੀ ਕੁਝ ਲਿਖਿਆ ਜਾਵੇਗਾ। ਇਸ ਮੰਤਵ ਲਈ 'ਅਕਾਸਮਾ' ਦੀ ਕਾਪੀ ਵੀ ਮਿਲ ਗਈ ਤੇ ਮਿੱਤਰ ਰਾਸ਼ੇ ਨਾਲ ਮਿਲਣੀ ਦਾ ਆਯੋਜਨ ਵੀ ਹੋ ਗਿਆ। ਰਾਤ ਦੇਰ ਤੱਕ ਬੈਠੇ ਗੱਲਾਂ ਕਰਦੇ ਰਹੇ। ਸਾਹਿਤ ਦੀਆਂ ਗੱਲਾ, ਯਾਰਾਂ ਬੇਲੀਆਂ ਤੇ ਸਮਾਜਕ ਵਾਤਾਵਰਣ ਦੀਆਂ ਗੱਲਾ, ਕੁਝ ਪੁਰਾਣੀਆਂ ਗੱਲਾਂ ਤੇ ਕੁਝ ਨਵੀਆਂ ਗੱਲਾਂ।

ਪਤਾ ਲਗਾ ਕਿ ਮਿੱਤਰ, 'ਮਿੱਤਰ' ਹੈ ਤਹੈ 'ਰਾਸ਼ਾ' ਕੇਵਲ ਪਿੰਡੀ ਨਾਲ ਸੰਬੰਧਤ ਹੋਣ ਕਰਕੇ ਹੀ ਹੈ। ਮੈਂ ਪੁਛਿਆ 'ਰਾਸ਼ਾ ਜੀ! ਤੁਸੀਂ ਕੈਨੇਡਾ ਬੈਠੇ ਐਨੇ ਰੁਝੇਵਿਆਂ ਭਰਪੂਰ ਜ਼ਿੰਦਗੀ ਵਿਚੋਂ ਮਿਲਣ ਲਈ ਵਿਹਲ ਕਿਵੇਂ ਕੱਢ ਲੈਂਦੇ ਹੋ?'

ਅਸਲ ਗੱਲ ਇਹ ਹੈ ਕਿ ਦੇਸ਼ ਤੋਂ ਦੂਰੀ ਆਪਣੇ ਸਮਾਜਕ ਚੌਗਿਰਦੇ ਨਾਲੋਂ ਟੁੱਟ ਜਾਣ ਦੀ ਮਜਬੂਰੀ ਵਿਚੋਂ ਆਪਣੀ ਭਾਸ਼ਾ ਜਾਂ ਸੰਸਕ੍ਰਿਤੀ ਨਾਲ ਸਾਂਝ ਪਾਉਣ ਦੀ ਲਾਲਸਾ ਹੀ ਹੈ ਜੋ ਵਿਦੇਸ਼ ਬੈਠੇ ਸਾਹਿਤਕਾਰਾਂ ਨੂੰ ਰੁਝੇਵਿਆਂ ਵਿਚੋਂ ਵੀ ਸਾਹਿਤਕਾਰੀ ਨਾਲ ਜੋੜਦੀ ਹੈ। ਬੱਸ ਇਸੇ ਨੂੰ ਸਮਝੋ ਵਿਦੇਸ਼ ਵਿਚ ਦੂਜੀਆਂ ਭਾਸ਼ਾਵਾਂ ਦੀ ਸਾਹਿਤ ਰਚਨਾ ਦਾ ਵੱਡਾ ਕਾਰਣ। ਉਂਝ ਉਥੇ ਨਾ ਭਾਰਤੀ ਰਸਾਲੇ, ਨਾ ਸਾਹਿਤ, ਨਾ ਅਖਬਾਰਾਂ। ਕੇਵਲ ਕੁਝ ਦੋਸਤਾਂ ਨਾਲ ਤੇ ਆਪਣੇ ਘਰ ਵਿਚ ਹੀ ਪੰਜਾਬੀ ਬੋਲਣ ਦਾ ਮੌਕਾ ਬਣਦਾ ਹੈ। ਇਸ ਵਿਚੋਂ ਇਕ ਤਾਂਘ ਪੈਦਾ ਹੁੰਦੀ ਹੈ ਕਿ ਜੇ ਅਸੀਂ ਆਪਣੇ ਲੋਕਾਂ ਨਾਲੋਂ ਟੁੱਟ ਗਏ ਹਾਂ ਤਾਂ ਜਿਸ ਵਾਤਾਵਰਣ ਵਿਚ ਅਸੀਂ ਜੀਉਂ ਰਹੇ ਤਾਂ ਉਸ ਨੂੰ ਤਾਂ ਆਪਣੀ 'ਮਾਂ ਬੋਲੀ' ਵਿਚ ਪੇਸ਼ ਕਰਕੇ ਆਪਣੇ ਲੋਕਾਂ ਤਕ ਪਹੁੰਚਾਇਆ ਜਾ ਸਕਦਾ ਹੈ। ਇਹ ਲਾਲਸਾ ਹੌਲੀ ਹੌਲੀ ਲਗਨ ਦਾ ਰੂਪ ਧਾਰਨ ਕਰ ਜਾਂਦੀ ਹੈ ਤੇ ਸਾਹਿੱਤ ਰਚਨਾ ਦਾ ਪ੍ਰਵਾਹ ਨਿਰੰਤਰ ਜਾਰੀ ਰਹਿੰਦਾ ਹੈ।

ਜੇ ਪੜ੍ਹਨ ਨੂੰ ਸਾਨੂੰ ਭਾਰਤੀ ਸਾਹਿਤ ਨਹੀਂ ਮਿਲਦਾ ਤਾਂ ਜੀਊਣ ਨੂੰ ਜ਼ਿੰਦਗੀ ਤਾਂ ਮਿਲਦੀ ਹੈ। ਪੈਸੇ ਦੀ ਸਮੱਸਿਆ ਨਹੀਂ। ਇਸ ਲਈ ਦੂਜਿਆਂ ਦੀ ਜ਼ਿੰਦਗੀ ਨੂੰ ਆਪਣੇ ਨਾਲ ਇਕਸੁਰ ਕਰਨ ਵਿਚ ਕੋਈ ਔਕੜ ਨਹੀਂ। ਸੈਰ ਸਪਾਟਾ ਵੀ ਖੂਬ ਕਰੀਦਾ ਹੈ ਸੋਸ਼ਲ ਕੌਨਟੈਕਟਸ ਨਾਲ ਸਮਾਜਕ ਰਿਸ਼ਤੇ ਤੇ ਉਨ੍ਹਾਂ ਦੇ ਅਧਾਰਾਂ ਸੰਬੰਧੀ ਕਲੈਰਿਟੀ ਆਉਂਦੀ ਹੈ। ਟ੍ਰੈਵਨ ਨਾਲ ਵੀਯਨ ਵਾਈਡ ਹੁੰਦਾ ਹੈ। ਪੜ੍ਹਨ ਨਾਲ ਵਿਚਾਰਾਂ ਵਿਚ ਸਰਲਤਾ ਤੇ ਸਪਸ਼ਟਤਾ ਆਉਂਦੀ ਹੈ। ਸੋ ਜੇ ਆਪਣਾ ਨਹੀਂ ਤਾਂ ਅੰਗਰੇਜ਼ੀ ਸਾਹਿਤ ਤੇ ਅਖਬਾਰਾਂ ਤਾਂ ਪੜ੍ਹ ਹੀ ਲਈਦੀਆਂ ਹਨ। ਕੈਨੇਡਾ ਵਿਚਲੇ ਪੰਜਾਬੀ ਉਰਦੂ ਸਾਹਿਤਕਾਰਾਂ ਦੀਆਂ ਰਚਨਾਵਾਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ।

ਸਾਨੂੰ ਉਧਰ ਪੰਜਾਬੀ ਨਾਲ ਇਕ ਖਾਸ ਤਰ੍ਹਾਂ ਦਾ ਮੋਹ Develop ਹੋ ਗਿਆ ਹੈ। ਮੈਨੂੰ ਇਕ ਅਜਨਬੀ 'ਹੈਲੀਫੈਕਸ' ਵਿਚ ਮਿਲਿਆ। ਪਹਿਲਾਂ ਤਾਂ ਅਸੀਂ ਅੰਗਰੇਜ਼ੀ ਵਿਚ ਸੰਪਰਕ ਕੀਤਾ। ਹੌਲੇ ਹੌਲੇ ਉਸ ਨੇ ਉਰਦੂ ਵਲ ਰੁਖ ਕੀਤਾ ਤੇ ਚੰਗੀ ਉਰਦੂ ਬੋਲਦਿਆਂ ਸੁਣ ਕੇ ਉਸ ਨੂੰ ਹੈਰਾਨੀ ਹੋਈ। ਗੱਲਬਾਤ ਅਗੇ ਚੱਲੀ ਤਾਂ 'ਪੰਜਾਬੀ ਮਾਂ ਸ਼ਹਿਦ ਘੋਲਣ ਲਗੀ।' ਇਹ ਅਜਨਬੀ ਸਜਣ ਉਰਦੂ ਤੋਂ ਪੰਜਾਬੀ ਦੀ ਸਾਂਝ ਕਾਰਨ ਏਨਾ ਨੇੜੇ ਹੋ ਗਿਆ ਕਿ ਹੁਣ ਅਸੀਂ ਲੋਕਾਂ ਨੂੰ ਵੀ 'ਭਰਾ' ਪ੍ਰਤੀਤ ਹੁੰਦੇ ਹਾਂ, ਜਨਾਬ ਜ਼ਿਆ ਪਾਕਿਸਤਾਨੀ ਹਨ। ਇਸ ਵੇਲੇ ਉਹ ਨਿੱਘੇ ਮਿੱਤਰ ਹਨ ਤੇ ਆਪਸੀ ਵਿਚਾਰ ਸੰਚਾਰ ਪੰਜਾਬੀ ਵਿਚ ਹੀ ਕਰਦੇ ਹਨ। ਧਰਤੀ ਦਾ ਮੋਹ ਵੀ ਇਸ ਸਾਂਝ ਦਾ ਕਾਰਨ ਹੈ। ਮਿਸਟਰ ਜ਼ਿਆ ਹੋਰੀਂ ਲੁਧਿਆਣੇ ਤੋਂ ਜਾ ਕੇ ਰਾਵਲ ਪਿੰਡੀ ਸੈਟਲ ਹੋਏ ਹਨ ਤੇ ਮਿੱਤਰ ਰਾਸ਼ਾ ਰਾਵਲ ਪਿੰਡੀ ਤੋਂ ਆ ਕੇ ਲੁਧਿਆਣੇ ਦੇ ਵਾਸੀ ਬਣੇ ਹਨ। ਇਸ ਤਰ੍ਹਾਂ ਦੀਆਂ ਸਾਂਝਾਂ ਅਦੀਬ ਦੀ ਫਿਤਰਤ ਹੈ। ਰਾਸ਼ਾ ਹੋਰਾਂ ਨੇ ਦਸਿਆ ਕਿ ਇਸ ਸਾਂਝ ਨੇ ਹੀ ਉਨ੍ਹਾਂ ਦੀ ਹੁਣੇ ਹੁਣੇ ਪਾਕਿਸਤਾਨੀ ਫੇਰੀ ਵਿਚ ਉਨ੍ਹਾਂ ਨੂੰ ਪਾਕਿਸਤਾਨੀ ਲੇਖਕਾਂ ਦੇ ਨੇੜੇ ਕੀਤਾ ਕਿਉਂ ਜੋ ਰੋਜ਼ਮੱਰਾ ਦੀ ਉਰਦੂ ਦਪ ਸ਼ਬਦਾਵਲੀ ਉਨ੍ਹਾਂ ਦੇ ਸੁੱਭਾ ਵਿਚ ਰਚ ਗਈ ਹੈ। ਸੋ ਪਾਕਿਸਤਾਨੀ ਲੇਖਕ 'ਮਿੱਤਰ ਰਾਸ਼ਾ' ਨੂੰ ਪਾਕਿਸਤਾਨੀ ਹੀ ਸਮਝਣ ਲਗ ਪਏ।

'ਸਵਰਗ ਵਿਚ ਕੈਦ' ਮੰਨਣ ਵਾਲਾ ਰਾਸ਼ਾ ਮੈਨੂੰ ਇਕ ਦਿਨ ਟੈਲੀਵੀਯਨ ਦੀ ਸਕਰੀਨ ਤੇ ਕੈਦ ਹੋਇਆ ਮਿਲ ਗਿਆ। ਸਰਦੀ ਵਿਚ ਵੀ ਪਸੀਨਾ ਪਸੀਨਾ ਹੋਇਆ ਉਹ ਟੀ. ਵੀ. ਪ੍ਰੋਡਿਊਸਰ ਦੀਆਂ ਗੱਲਾਂ ਦਾ ਉਤਰ ਦੇ ਰਿਹਾ ਸੀ। ਹਾਲੇ ਕਮਰੇ ਦੇ ਪੱਖੇ ਨੂੰ ਪਰ ਨਹੀਂ ਸਨ ਲਾਏ ਇਸ ਲਈ ਮੈਂ ਪ੍ਰੇਮ ਵੱਸ ਹੱਥ-ਪੱਖਾ ਲੈ ਕੇ ਟੀ. ਵੀ. ਵਿਚ ਫਸੇ ਮਿੱਤਰ ਨੂੰ ਪੱਖਾ ਝੱਲਣ ਲਗਾ। ਪਰ,



ਮਿੱਤਰ ਰਾਸ਼ਾ—ਇਕ ਅਜੇਹਾ ਕਵੀ ਹੈ ਜਿਸ ਨੂੰ ਆਪਣੇ ਵਿਰਸੇ ਤੇ ਦੇਸ਼ ਵਿਚ ਪਸਰੇ ਸਮਕਾਲੀ ਦੁਖਾਂਤ ਦਾ ਅਨੁਭਵ ਤਾਂ ਹੈ ਹੀ ਇਸਦੇ ਨਾਲ ਨਾਲ ਪਰਵਾਸੀਆਂ ਦੇ ਤੀਹਰੇ ਦਰਦ ਦੀ ਤੀਵਰ-ਅਨੁਭੂਤੀ ਵੀ ਹੈ।

ਗੀਤ

ਮਿੱਤਰ ਰਾਸ਼ਾ

ਐਵੇਂ ਰੋ ਰੋ
ਹੰਝੂਆਂ ਬਾਣੀਂ
ਕਜਲਾ ਵਗਾਇਆ
ਸਜਣ ਨਾ ਆਇਆ

ਦੀਵੇ ਦੀ ਲੋ ਨੂੰ
ਦਰਦਾਂ ਦਾ ਹਾਲ ਸੁਣਾਇਆ
ਢੋਲਣ ਨਾ ਲਾਇਆ

ਬਨੇਰੇ ਬ[illegible]
ਬਥੇਰਾ ਉਡੀਕਾਇਆ
ਸੜ ਗਈਆਂ [illegible]
ਜਦ ਸਰਘੀ ਵੇਲਾ ਆਇਆ
ਸਜਣ ਨਾ ਆਇਆ

ਹੰਝੂਆਂ ਦਾ ਹਾਲ
ਰਾਤ ਨੇ ਸੁਣਿਆ
ਆਹਾਂ ਦਾ ਹਾਰ
ਦਿਲ ਨੇ [illegible]ਣਿਆ
ਹਾਰ ਉ[illegible] ਆਪਣੇ ਹੀ
ਗਲ ਵਿਚ ਪਾਇਆ

ਉਦਾਸਾ ਪਸੀਨਾ ਸੁੱਕਣ ਦਾ ਨਾਂ ਨਹੀਂ ਸੀ ਲੈ ਰਿਹਾ। ਸਾਨੂੰ ਕੀ, ਅਸੀਂ ਤਾਂ 'ਰਾਸ਼ੇ' ਨਾਲ ਮਿਤਰਤਾ ਪੁਗਾ ਰਹੇ ਸਾਂ ਤੇ ਹੋਕਾ ਦੇ ਰਹੇ ਸਾਂ:

ਸਾਡੇ ਮਨ-ਵਿਹੜੇ ਵਿਚ ਗੀਤਾਂ ਚਾਨਣੀਆਂ,
ਆਓ! ਜਿਸ ਨੇ ਪ੍ਰੇਮ ਸੁਗੰਧਾਂ ਮਾਨਣੀਆਂ!!

ਪ੍ਰਿੰਸੀਪਲ "ਅਮੋਲ"

—ਇਕ ਜਾਣ-ਪਛਾਣ—

ਕੇਸਰ ਸਿੰਘ ਨਾਵਲਿਸਟ

ਲੇਖਕ ਗਿ: ਮਖਣ ਸਿੰਘ ਮ੍ਰਿਗਿੰਦ ਪ੍ਰਧਾਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ (U.K.) ਨੇ ਜਦ ਆਪਣੇ ਸਾਹਿਤ ਸਭਾ (U.K.) ਕਹਾਣੀ ਦਰਬਾਰ ਵਿਚ ਪੰਜਾਬ ਤੋਂ ਆਏ ਪ੍ਰਸਿੱਧ ਲੇਖਕ ਸ: ਸ: ਅਮੋਲ ਜੀ ਨੂੰ 2-7-83 ਨੂੰ ਸਨਮਾਨ ਦਿਤਾ ਤਾਂ ਕਈ ਨੌਜਵਾਨ ਕਵੀਆਂ ਤੇ ਲੇਖਕਾਂ ਨੇ ਅਮੋਲ ਜੀ ਬਾਬਤ ਵਧੇਰੇ ਜਾਣ-ਪਛਾਣ ਦੀ ਮੰਗ ਮੈਥੋਂ ਕੀਤੀ। ਉਨ੍ਹਾਂ ਦੀ ਗਿਆਤ ਲਈ ਇਹ ਸੰਖੇਪ ਜੇਹਾ ਲੇਖ ਲਿਖ ਰਿਹਾ ਹਾਂ।


ਮੈਨੂੰ ਖੁਸ਼ੀ ਤੇ ਫਖਰ ਹੈ ਕਿ ਪ੍ਰਿੰਸੀਪਲ ਅਮੋਲ ਮੇਰੇ 1935 ਵਿਚ "ਗਿਆਨੀ" ਦੇ ਅਧਿਆਪਕ ਸਨ ਤੇ ਉਸ ਸਮੇਂ ਤੋਂ ਹੀ ਉਹ ਮੇਰੇ ਮਿੱਤਰ ਭੀ ਹਨ। ਮਿਤਰਤਾ ਯਾਤਰਾ ਵਿਚ ਵਧੇਰੇ ਮੌਲਦੀ ਹੈ ਤੇ ਸ਼ਾਇਦ ਉਸੇ ਸਾਲ ਮੈਂ ਉਨ੍ਹਾਂ ਦੇ ਨਾਲ ਹੀ 15 ਦਿਨ ਪੰਜਾਬ ਦੇ ਡਲਹੌਜੀ ਪਹਾੜ ਦੀ ਯਾਤਰਾ ਤੇ ਸੰਗਤ ਭੀ ਕੀਤੀ। ਮੈਨੂੰ ਸਾਹਿਤਕ ਲਗਨ ਭੀ ਉਨਾਂ ਹੀ ਲਾਈ ਸੀ।

ਇਨ੍ਹਾਂ ਪਿਛਲੇ ਪੰਜਾਹ ਕੁ ਵਰ੍ਹਿਆਂ ਵਿੱਚ ਮੈਂ ਅਮੋਲ ਜੀ ਨੂੰ ਬਹੁਤ ਨੇੜਿਓਂ ਹੋ ਕੇ ਬਹੁਤ ਸਮਿਆਂ ਤੋਂ ਵੇਖਿਆ ਹੈ, ਮੈਂ ਕਹਿ ਸਕਦਾ ਹਾਂ ਕਿ ਉਹ ਨਿਰੇ ਸਫਲ ਤੇ ਸ਼ਗਿਰਦਾਂ ਦੇ ਪਿਆਰੇ ਸਤਿਕਾਰੇ ਅਧਿਆਪਕ ਹੀ ਨਹੀਂ, ਸਗੋਂ ਮਨੋਵਿਗਿਆਨੀ, ਵਕਤ ਦੇ ਪਾਬੰਦ, ਵਿਹਾਰ ਦੇ ਸੁੱਚੇ, ਖੋਜੀ, ਆਲੋਚਕ ਤੇ ਪ੍ਰਭਾਵਸ਼ਾਲੀ ਭਾਸ਼ਨਕਾਰ ਭੀ ਹਨ।

ਲਿਖਦੇ ਤਾਂ ਉਹ ਸੰਨ 1922 ਤੋਂ ਹਨ, ਜਦ ਉਨ੍ਹਾਂ ਦੀਆਂ ਕਵਿਤਾਵਾਂ "ਅਕਾਲੀ" ਆਦਿ ਵਿਚ ਛਪਣ ਲਗ ਪਈਆਂ ਸਨ। ਪਰ ਉਨ੍ਹਾਂ ਨੂੰ ਸਾਹਿਤਕ ਤੇ ਪਹਿਲੀ ਸਫਲਤਾ 1930 ਵਿਚ ਪ੍ਰਾਪਤ ਹੋਈ ਜਦ ਉਨ੍ਹਾਂ ਦੀ ਖੋਜ ਭਰੀ ਪੰਜਾਬੀ ਰੋਮਾਂਸਕ-ਕਥਾਵਾਂ ਦੀ ਪੁਸਤਕ "ਪੰਜਾਬੀ ਭੌਰੇ" ਨਾਂ ਹੇਠ ਛਪੀ ਜਿਸਦੀ ਸ਼ਲਾਘਾ ਤੇ ਪ੍ਰਸਿਧਤਾ ਦੇ ਨਾਲ ਹੀ ਉਹ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ 10-11 ਸਾਲ ਨਿਯਤ ਕੋਰਸ ਭੀ ਰਹੀ। ਉਸ ਪਿਛੋਂ ਅੱਜ ਤਕ ਉਹ ਨਿਰੰਤਰ ਲਿਖ ਰਹੇ ਹਨ। ਉਨ੍ਹਾਂ ਹੁਣ ਤੱਕ ਪੰਜਾਬੀ ਸਾਹਿਤਕ ਸੰਸਾਰ ਗੁਲਾਬਾ, ਜੀਵਨਗੁੰਝਲ ਆਦਿ 4 ਨਾਵਲ, ਪਤਿਤਪਾਵਨ, ਸਮੇਂ ਦੇ ਤਿੰਨ ਰੰਗ ਆਦਿ ਨਾਟਕ ਤੇ 'ਅੰਮ੍ਰਿਤਸਰ ਸਿਫਤੀ ਦਾ ਘਰ' ਤੇ ਸ਼ੇਰੇ ਪੰਜਾਬ ਆਦਿ ਰੋਸ਼ਨੀ ਤੇ ਅਵਾਜ਼ ਅਧਾਰਤ ਨਾਟਕ, ਅਨੇਕਾਂ ਪੁਸਤਕਾਂ ਆਲੋਚਕਾਂ, ਸੰਪਾਦਕਾਂ, ਬਾਲ ਸਾਹਿਤ ਤੇ Neo-literates ਬਾਲਗਾਂ ਲਈ ਲਿਖੀਆਂ ਹਨ। ਇਉਂ ਲੇਖਾਂ ਤੇ ਟ੍ਰੈਕਟਾਂ ਤੋਂ ਬਿਨਾਂ ਭੀ ਉਨ੍ਹਾਂ ਦੀਆਂ ਰਚੀਆਂ 80 ਕੁ ਪੁਸਤਕਾਂ ਹਨ। ਮੈਂ ਅਹਮਦ ਯਾਰ ਦੇ ਸ਼ਬਦਾਂ ਵਿਚ ਠੀਕ ਹੀ ਕਿਹਾ ਸੀ ਕਿ

ਜਿਤਨੇ ਕਿੱਸੇ ਅਤੇ ਕਿਤਾਬਾਂ ਉਮਰ ਸਾਰੀ ਨੇ ਜੋੜੇ
ਗਿਣਨ ਲੱਗਾਂ ਤੇ ਯਾਦ ਨਾ ਆਵਣ ਜੋ ਦਸਾਂ ਸੋ ਥੋੜੇ।

ਜੇਹਾ ਕਿ ਕੁਦਰਤੀ ਸੀ ਇਨਾਂ ਦੀਆਂ ਰਚਨਾਵਾਂ ਨੂੰ ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਪੰਜਾਬ, ਭਾਰਤ ਸਰਕਾਰ ਤੇ ਯੂਨੈਸਕੋ ਆਦਿ ਤੋਂ ਇਨਾਮ ਤੇ ਸਨਮਾਨ ਮਿਲ ਚੁਕੇ ਹਨ। ਸੰਨ 72 ਵਿਚ ਇਨ੍ਹਾਂ ਨੂੰ ਪੁਸਤਕ ਭਾਰਤੀ ਸਮਾਜਕ ਸੰਸਥਾਵਾਂ ਨੂੰ 5000/- ਦਾ ਇਨਾਮ ਪੰਜਾਬੀ ਯੂਨੀਵਰਸਿਟੀ ਨੇ ਦਿਤਾ ਸੀ। ਸੰਨ 82 ਵਿਚ ਹੀ ਪੰਜਾਬ ਸਰਕਾਰ ਨੇ ਇਨ੍ਹਾਂ ਨੂੰ 'ਸ਼ਰੋਮਣੀ ਸਾਹਿਤਕਾਰ'(ਇਨਾਮ) ਦਿਤਾ ਹੈ ਜਿਸ ਵਿਚ ਸੁਨਹਰੀ ਤਮਗਾ, 5000/- ਰੁਪੈ ਤੇ ਕੀਮਤੀ ਸ਼ਾਲ ਆਦਿ ਹੁੰਦਾ ਹੈ। ਸਿਖ ਐਜੂਕੇਸ਼ਨ ਕਾਨਫਰੰਸ ਤੇ ਹੋਰ ਕਈ ਸੰਸਥਾਵਾਂ ਭੀ ਆਪ ਨੂੰ ਸਨਮਾਨਤ ਕਰ ਚੁਕੀਆਂ ਹਨ। ਅਤੇ ਕੇਂਦਰੀ ਲੇਖਕ ਸਭਾ ਵਲੋਂ ਵੀ ਉਹ ਸਨਮਾਨਤ ਹਨ। ਇਹ ਨਿਰਣਾ ਕਰਨਾ ਮੁਸ਼ਕਲ ਹੈ ਕਿ ਯਾਤਰਾ ਨੇ ਇਨ੍ਹਾਂ ਨੂੰ ਭਾਸ਼ਨਕਾਰ ਬਣਾਇਆ ਹੈ ਜਾਂ ਭਾਸ਼ਨਾਂ ਨੇ ਯਾਤਰੂ ਬਣਾ ਦਿਤਾ ਹੈ। ਉਨਾਂ ਭਾਰਤ ਵਿਚ ਬੰਬਈ ਤਕ, ਪਾਕਿਸਤਾਨ ਵਿਚ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਾਚੀ, ਲਾਹੌਰ ਮਿੰਟਗੁਮਰੀ ਤਕ ਮਲਾਏਸ਼ੀਆ ਤੇ ਥਾਈਲੈਂਡ ਦੇ ਪ੍ਰਸਿਧ



—ਸ. ਸ. ਅਮੋਲ—

ਸ਼ਹਿਰਾਂ ਤਕ ਤੇ ਇੰਗਲੈਂਡ ਦੇ ਕਈ ਨਗਰਾਂ ਤਕ ਧਾਰਮਕ ਤੇ ਸਾਹਿਤਕ ਵਿਸ਼ਿਆਂ ਉਤੇ ਲੈਕਚਰ ਦਿਤੇ ਹਨ। ਉਨ੍ਹਾਂ ਦੇ ਭਾਸ਼ਨ ਜਾਣਕਾਰੀ ਤੇ ਗਿਆਨ ਭਰਪੂਰ, ਹੋਣ ਦੇ ਨਾਲ ਸਵਾਦਲੇ ਮਿਠੇ ਤੇ ਪ੍ਰਭਾਵਸ਼ਾਲੀ ਹੁੰਦੇ ਹਨ।

ਉਨ੍ਹਾਂ ਦੇ ਲੈਕਚਰਾਂ ਤੇ ਅਧਿਆਪਕ-ਪਣ ਦੀ ਸਫਲਤਾ ਸੰਬੰਧੀ ਇਨਾ ਹੀ ਕਹਿਣਾ ਕਾਫੀ ਹੈ ਕਿ ਉਹ ਸਰੋਤਿਆਂ ਦੇ ਵਿਦਿਆਰਥੀਆਂ ਨਾਲ ਇਕ ਅਪਣਤ, ਇਕ ਮਿਤਰਤਾ ਤੇ ਸੁਹਿਰਦ ਦਿਲੀ ਪਿਆਰ ਪਾ ਲੈਂਦੇ ਹਨ ਤੇ ਉਸਨੂੰ ਨਿਭਾਉਂਦੇ ਹਨ। 'ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਹੁੰਦਿਆਂ, ਜਾਂ ਗੁਰੂ ਰਾਮਦਾਸ ਕਾਲਜ, ਗੁਰਮਤਿ ਕਾਲਜ ਤੇ ਗੁਰੂ ਅਰਜਨ ਦੇਵ(ਹੁਣ ਸਰਕਾਰੀ) ਕਾਲਜ ਦੇ ਪ੍ਰਿੰਸੀਪਲ ਹੁੰਦਿਆਂ ਉਨ੍ਹਾਂ ਨੇ ਅਨੇਕਾਂ ਨੂੰ ਸਾਹਿਤਕ ਤੇ ਧਾਰਮਕ ਲਗਨ ਲਾਈ—ਪ੍ਰੇਰਨਾ ਤੇ ਉਤਸ਼ਾਹ ਦਿਤਾ। ਕੁਝ ਦ੍ਰਿਸ਼ਟਾਂਤ ਕੁਥਾਂ ਨਹੀਂ ਹੋਣਗੇ :—ਪ੍ਰਿੰਸੀਪਲ ਸੁਜਾਨ ਸਿੰਘ(ਕਹਾਣੀਕਾਰ), ਸ੍ਰ: ਗੁਰਚਰਨ ਸਿੰਘ ਤੇ ਸ੍ਰ: ਗੁਰਸ਼ਰਨ ਸਿੰਘ (ਦੋਵੇਂ ਨਾਟਕਕਾਰ), ਸ੍ਰੀ ਬਲਦੇਵ ਚੰਦਰ ਬੇਕਲ (ਗੀਤਕਾਰ ਤੇ ਫਿਲ ਮਕਾਰ) ਡਾ: ਕੁਲਬੀਰ ਸਿੰਘ ਕਾਂਗ, ਡਾ: ਕੁਲਦੀਪ ਸਿੰਘ, ਡਾ: ਪਰਮਿੰਦਰ ਸਿੰਘ (ਆਲੋਚਕ) ਡਾ: ਚੰਨਣ ਸਿੰਘ ਚੰਨ(ਕਾਵੈਂਟਰੀ) ਕੇਵਲ ਕੁਝ ਮਿਸਾਲਾਂ ਹਨ। ਇਨ੍ਹਾਂ ਸਤਰਾਂ ਦਾ ਲੇਖਕ ਭੀ ਅਮੋਲ ਜੀ ਦੀ ਲਾਈ ਸਾਹਿਤਕ ਲਗਨ ਅਨੁਸਾਰ ਹੀ ਹੁਣ ਤਕ ਲਗਾ ਹੋਇਆ ਹੈ। ਕੈਨੇਡਾ ਵਿਚ ਗਿਆਨੀ ਕੇਸਰ ਸਿੰਘ,(ਪ੍ਰਸਿੱਧ ਤੇ ਸਨਮਾਨਤ ਇਤਿਹਾਸਕ ਨਾਵਲਕਾਰ), ਮਲਾਏਸ਼ੀਆ ਵਿਚ ਗਿਆਨੀ ਇੰਦਰ ਸਿੰਘ ਤੇ ਅਮਰੀਕਾ ਵਿਚ ਸ: ਕੁਲਦੀਪ ਸਿੰਘ ਐਮ. ਏ. ਉਨ੍ਹਾਂ ਦੇ ਪੁਰਾਣੇ ਸ਼ਿਸ਼ਾਂ ਵਿਚੋਂ ਹਨ।

ਉਨ੍ਹਾਂ ਦੀ ਯਾਤਰਾ ਦੀ ਯਾਦ ਭੀ ਉਨਾਂ ਨੇ ਪੁਸਤਕਾਂ ਵਿਚ ਸਾਂਭ ਲਈ ਹੈ ਤੇ ਹੋਰਨਾਂ ਨੂੰ ਯਾਤਰਾ ਦੀ ਲਗਨ ਲਾਉਣ ਲਈ ਛਾਪ ਦਿਤੀ ਗਈ ਹੈ— ਮਲਾਏਸ਼ੀਆ ਦੀ ਯਾਤਰਾ ਨੇ 'ਅਮੋਲ ਯਾਤਰਾ' ਪੈਰਿਸ ਦੀ "ਪੈਰਿਸ ਵਿਚ ਇਕ ਭਾਰਤੀ" ਤੇ ਇੰਗਲੈਂਡ ਦੀ 1972 ਦੀ ਯਾਤਰਾ "ਇੰਗਲੈਂਡ ਦੀ ਯਾਦ" ਦੇ ਨਾਂ ਤੇ ਛਪ ਚੁਕੀਆਂ, ਪ੍ਰਸਿੱਧ ਹੋਈਆਂ ਯਾਤਰਾ ਪੁਸਤਕਾਂ ਹਨ। ਪੈਰਿਸ ਵਿਚ ਇਕ ਭਾਰਤੀ ਤਾਂ ਪੰਜਾਬ ਸਰਕਾਰ ਵਲੋਂ ਹਿੰਦੀ ਵਿਚ ਵੀ ਅਨੁਵਾਦ ਹੋ ਕੇ ਛਪੀ ਹੈ।

ਪਤਾ ਲਗਾ ਹੈ ਕਿ ਹੁਣ ਉਹ ਇੰਗਲੈਂਡ ਦੀ ਦੂਰੀ ਫੇਰੀ ਵਿਚ ਹੀ ਅਮਰੀਕਾ ਤੇ ਕੈਨੇਡਾ ਭੀ ਜਾਣ ਲਈ ਤਿਆਰ ਹਨ। ਮੇਰਾ ਵਿਸ਼ਵਾਸ਼ ਹੈ ਕਿ ਉਨ੍ਹਾਂ ਦੀ ਇਹ ਯਾਤਰਾ ਭੀ ਘਟੋ ਘਟ ਦੋ ਸਫਰਨਾਮੇ ਹੋਰ ਪੰਜਾਬੀ ਸਾਹਿਤ ਨੂੰ ਦੇ ਸਕੇਗੀ।

.ਗ ਦ ਰ ਦੀ ਆਂ ਗੂੰ ਜਾਂ

ਬਾਬਾ ਹਰਜਾਪ ਸਿੰਘ ਮਾਹਿਲਪੁਰ

ਸੋਹਣ ਸੁਰਿੰਦਰ ਸੰਘਾ, ਸਕਰੂਲਵੀ

ਜਿਸ ਵੇਲੇ ਜਹਿਨ ਵਿਚ ਭਾਰਤ ਦੀ ਆਜਾਦੀ ਦੀ ਗੱਲ ਆਉਂਦੀ ਹੈ, ਉਸ ਵੇਲੇ ਗਦਰ ਪਾਰਟੀ ਦਾ ਖਿਆਲ ਆ ਜਾਂਦਾ ਹੈ। ਇਸ ਪਾਰਟੀ ਦਾ ਮੁਢ 1913 ਵਿਚ ਬਝਿਆ। ਪਾਰਟੀ ਦਾ ਪਹਿਲਾ ਨਾ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ ਸੀ। ਪਰ ਇਸ ਦੇ ਅਖਬਾਰ 'ਗਦਰ' ਪਿਛੋ ਇਸ ਦਾ ਨਾਂ ਭੀ ਗਦਰ ਪਾਰਟੀ ਪੈ ਗਿਆ। ਇਸ ਦੇ ਪਹਿਲੇ ਕਰਤਾ ਧਰਤਾ ਸ.ਸੋਹਣ ਸਿੰਘ ਭਕਨਾ ਲਾਲਾ ਹਰਦਿਆਲ ਤੇ ਪੰਡਤ ਕਾਂਸ਼ੀ ਰਾਮ ਸਨ। ਇਨ੍ਹਾਂ ਤਿੰਨਾ ਮੈਂਬਰਾਂ ਦਾ ਗੁਫੀਆ ਕਮਿਸ਼ਨ ਸੀ। ਜੋ ਪਾਰਟੀ ਨੂੰ ਚਲਾਉਂਦਾ ਸੀ।

ਜਥੇਬੰਦੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਬਦੇਸ਼ੀ ਗੁਲਾਮੀ ਤੋਂ ਹਿੰਦੋਸਤਾਨ ਨੂੰ ਛੁਡਾਉਣਾ ਅਤੇ ਰਾਜਸੀ, ਸਮਾਜਿਕ ਤੇ ਆਰਥਿਕ ਬਰਾਬਰੀ ਉਤੇ ਕੌਮੀ ਜਮਹੂਰੀਅਤ ਕਾਇਮ ਕਰਨਾ ਸੀ। ਪਾਰਟੀ ਦਾ ਮੁੱਖ ਨਾਹਰਾ ਸੀ,

ਗਦਰ ਪਾਰਟੀ ਬੀੜਾ ਚੁਕਿਆ
ਹਿੰਦ ਆਜਾਦ ਕਰਾਵਣ ਦਾ
ਆਓ ਸ਼ੇਰੋ ਗਦਰ ਮਚਾਈਏ
ਵੇਲਾ ਨਹੀਂ ਖੁੰਝਾਵਣ ਦਾ।

ਇਸ ਨਾਹਰੇ ਉਤੇ ਹਜ਼ਾਰਾਂ ਦੀ ਗਿਣਤੀ ਵਿਚ ਪਰਵਾਨੇ ਆਜ਼ਾਦੀ ਉਤੇ ਕੁਰਬਾਨ ਹੋਣ ਲਈ ਆਪਣੇ ਕੰਮ ਕਾਰ ਛੱਡ ਕੇ ਦੇਸ਼ ਵਾਪਸ ਚਲੇ ਗਏ। 21 ਫਰਵਰੀ 1915 ਗਦਰ ਮਚਾ ਦੇਣ ਦੀ ਤਾਰੀਖ ਪੱਕੀ ਕਰ ਲਈ ਗਈ। ਕਿਰਪਾਲ ਸਿੰਘ ਗੱਦਾਰ ਦੀ ਅੰਗਰੇਜ਼ ਉਤੇ ਕਿਰਪਾ ਹੋ ਗਈ ਤੇ ਗਦਰ ਫੇਲ੍ਹ ਹੋ ਗਿਆ, ਆਗੂ ਫੜ ਲਏ ਗਏ। ਲਾਹੌਰ, ਬਰ੍ਹਮਾ, ਅੰਬਾਲਾ ਤੇ ਬੰਗਾਲ ਵਿਚ ਅਨੇਕਾਂ ਸਾਜਿਸ਼ ਕੇਸ ਚਲਾ ਕੇ ਦਰਜਨਾਂ ਨੂੰ ਫਾਂਸੀ ਤੇ ਟੰਗਿਆ ਤੇ ਸੈਂਕੜੇ ਕਾਲੇਪਾਣੀ ਭੇਜ ਦਿੱਤੇ ਗਏ। ਇਸ ਅਧੂਰੇ ਗਦਰ ਵਿਚ ਡੇਢ ਸੌ ਦੇ ਕਰੀਬ ਦੇਸ਼ ਭਗਤ ਸ਼ਹੀਦ ਹੋਏ ਤੇ ਤਿੰਨ ਸੌ ਦੇ ਲਗ ਭਗ ਉਮਰ ਕੈਦ ਭੋਗਣ ਲਈ ਕਾਲ ਕੋਠੜੀਆਂ ਵਿਚ ਡੱਕੇ ਗਏ। ਇਨ੍ਹੀ ਭਾਰੀ ਕੁਰਬਾਨੀ ਹੋਰ ਕਿਸੇ ਸਿਆਸੀ ਪਾਰਟੀ ਨੇ ਹਿੰਦ ਨੂੰ ਆਜ਼ਾਦ ਕਰਾਉਂਣ ਲਈ ਨਹੀਂ ਕੀਤੀ। ਉਸ ਵੇਲੇ ਦੇ ਪੰਜਾਬ ਦੇ ਗਵਰਨਰ ਓਡਵਾਇਰ ਨੇ ਆਪਣੀ ਕਿਤਾਬ ਵਿਚ ਇਸ ਬਾਰੇ ਲਿਖਿਆ ਹੈ, "ਇਹ ਇਕ ਬੜਾ ਰਾਜਸੀ ਹਲੂਣਾ ਸੀ ਜਿਹੜਾ ਕਾਮਯਾਬ ਹੋਣ ਤੋਂ ਮਸਾਂ ਹੀ ਰੋਕਿਆ ਇਸ ਦੀ ਜਿੱਤ ਤੇ ਹਾਰ ਵਿੱਚ ਥੋੜਾ ਹੀ ਅੰਤਰ ਰਹਿ ਗਿਆ ਸੀ ਜੇ ਅੰਗਰੇਜ਼ਾਂ ਨੂੰ ਬਾਹਰੋਂ ਕਰਾਰੀ ਸੱਟ ਲਗ ਜਾਂਦੀ ਤਾਂ ਉਨ੍ਹਾਂ ਗਦਰੀਆਂ ਦੇ ਅੱਗੇ ਵੀ ਹਥਿਆਰ ਸੁਟ ਦੇਣੇ ਸਨ।" ਇਹ ਗਦਰ ਪਾਰਟੀ ਦਾ ਪਹਿਲਾ ਯਤਨ ਸੀ।

ਜਿਸ ਗਦਰੀ ਬਾਬੇ ਹਰਜਾਪ ਸਿੰਘ ਬਾਰੇ ਇਹ ਲੇਖ ਹੈ, ਉਹ ਇਸ ਗਦਰ ਪਾਰਟੀ ਦੇ ਚੌਥੇ ਪ੍ਰਧਾਨ ਰਹੇ ਹਨ। ਅਪ੍ਰੈਲ 1918 ਵਿਚ ਹਰਜਾਪ ਸਿੰਘ ਪ੍ਰਧਾਨ,ਬਾਵਾ ਸਿੰਘ ਸਕਰੂਲਵੀ ਮੀਤ ਪ੍ਰਧਾਨ, ਭਾਈ ਸੰਤੋਖ ਸਿੰਘ ਜਨਰਲ ਸਕੱਤਰ ਤੇ ਸੰਤਾ ਸਿੰਘ ਗੰਡੀਵਿੰਡ ਖਜਾਨਚੀ ਬਣੇ।

ਬਾਬਾ ਜੀ ਦੀ ਮੁਢਲੀ ਜਾਣਕਾਰੀ:—

ਬਾਬਾ ਹਰਜਾਪ ਸਿੰਘ ਦਾ ਜਨਮ 6 ਮਈ 1892,ਈ: ਨੂੰ ਮਾਹਿਲਪੁਰ ਵਿਚ ਮਾਤਾ ਰਾਜਕੌਰ ਦੀ ਕੁੱਖੋਂ ਹੋਇਆ। ਇਨ੍ਹਾਂ ਦੇ ਪਿਤਾ ਸ.ਕਰਤਾਰ ਸਿੰਘ ਰਸਾਲੇ ਵਿਚ ਨੌਕਰ ਸਨ ਤੇ ਬਾਬਾ ਜੀ ਸ.ਆਤਮਾ ਸਿੰਘ ਮਿਲਟਰੀ 'ਚੋਂ ਹੌਲਦਾਰੀ ਪੈਨਸ਼ਨ ਆਏ ਹੋਏ ਸਨ। ਆਪ ਦੇ ਪੜਦਾਦਾ ਸ.ਪੰਜਾਬ ਸਿੰਘ ਮੁੱਦਕੀ ਦੇ ਮੈਦਾਨ ਵਿਚ ਫਰੰਗੀਆਂ ਨਾਲ ਲੋਹਾ ਲੈਂਦੇ ਹੋਏ ਖਾਲਸਾ ਫੌਜ ਦੇ ਬੀਰ ਸਿਪਾਹੀ ਬੀਰ-ਗਤੀ ਪਾ ਗਏ ਸਨ। ਪਿੰਡ ਦੇ ਡਿਸਟ੍ਰਿਕਟ ਬੋਰਡ ਮਿਡਲ ਸਕੂਲ ਤੋਂ 1908 ਵਿਚ ਵਰਨੈਕੂਲਰ ਮਿਡਲ ਪਾਸ ਕੀਤਾ। ਪਿੰਡ ਦੇ ਹੀ ਆਰੀਆ ਸਕੂਲ ਤੋਂ ਅੰਗਰੇਜ਼ੀ ਦੀ ਵਿਦਿਆ ਪ੍ਰਾਪਤ ਕੀਤੀ। ਸਮੇਂ ਦੇ ਰਸਮਾਂ ਰਿਵਾਜਾਂ ਅਨੁਸਾਰ 1908 ਵਿਚ ਹੀ ਬਾਬਾ ਜੀ ਦੀ ਸ਼ਾਦੀ ਬੀਬੀ ਧਰਮ ਕੌਰ ਨਾਲ ਹੋ ਗਈ। ਆਮ ਲੋਕਾਂ ਵਾਂਗ ਘਰ ਦੀ ਹਾਲਤ ਚੰਗੀ ਕਰਨ ਲਈ, ਰੋਟੀ ਤੇ ਰੋਜ਼ੀ ਦੀ ਭਾਲ ਲਈ 5 ਦਸੰਬਰ 1909 ਦੀ ਸ਼ਾਮ ਨੂੰ ਸੱਜਲ ਅਖਾਂ ਲੈਕੇ ਬਿਰਧ ਬਾਬੇ ਦੀਆਂ ਅੱਖੀਆਂ 'ਚੋਂ ਅਥਰੂਆਂ ਦੀ ਨਦੀ ਵਗਾ ਹਰਜਾਪ ਸਿੰਘ ਨੇ ਅਮਰੀਕਾ ਨੂੰ ਚਾਲੇ ਪਾ ਦਿੱਤੇ। ਕਈ ਕਠਨਾਈਆਂ ਦਾ ਸਾਹਮਣਾ ਕਰਦੇ ਸ਼ੰਘਾਈ, ਜੋਕੋਹਾਮਾ, ਨਾਗਾਸਾਕੀ, ਟੋਕੀਓ ਹੁੰਦੇ ਹੋਏ ਹੋਨੋਲੂਲੂ ਤੋਂ ਸਾਨਫਰਾਂਸਿਸਕੋ ਪੁਜ ਗਏ। ਕੁਟਾਰੀਨ ਵਿਚ ਅਮਰੀਕਾ ਦਾ ਦੋ ਦਿਨ ਬੰਦੀਖਾਨਾ ਵੇਖ ਕੇ ਭਾਈ ਪਿਆਰਾ ਸਿੰਘ ਜੀ ਲੰਮੇਰੀ ਵਾਲਿਆਂ ਦੇ ਪਾਸ ਓਕਲੈਂਡ ਪੁਜ ਗਏ। ਕਈ ਮਹੀਨੇ ਕੰਮ ਦੀ ਭਾਲ ਵਿਚ ਬਿਤਾ ਕੇ ਪਹਿਲਾ ਕੰਮ ਜੰਗਲ ਕੱਟਣ ਦਾ ਮਿਲਿਆ ਜਿਥੇ ਪਹਿਲੇ ਦਿਨ ਹੀ ਜੰਗਲੀ ਜ਼ਹਿਰੀਲੀ ਬੂਟੀ ਨੇ ਆਪਣੇ ਹੱਥ ਵਿਖਾਏ। ਮੂੰਹ ਸਿਰ ਸੁੱਜ ਗਿਆ। ਤਿੰਨ ਸਾਲ ਦੀ ਮਹਿਨਤ ਮਜ਼ਦੂਰੀ, ਦੇਸ਼ ਤੋਂ ਦੂਰੀ, ਤੇ ਗੁਲਾਮੀ ਦੀ ਮਜਬੂਰੀ ਨੇ ਕੁਝ ਕਰ ਗੁਜਰਨ ਦਾ ਅਹਿਸਾਸ ਜਗਾ ਦਿੱਤਾ। ਅਹਿਸਾਸ ਨੇ ਉਤਸ਼ਾਹ ਨੂੰ ਜਨਮ ਦਿੱਤਾ। ਉਤਸ਼ਾਹ ਨੇ ਗਦਰ ਅਖਬਾਰ ਦੇ ਪਹਿਲੇ ਸਫੇ ਤੇ ਲਿਖੇ,


"ਜੇ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰ ਤਲੀ ਗਲੀ ਮੇਰੀ ਆਉ।,,

ਗੁਰਬਾਣੀ ਦੇ ਮਹਾਂਵਾਕ ਨੇ ਹਰਜਾਪ ਸਿੰਘ ਨੂੰ ਗਦਰ ਪਾਰਟੀ ਦਾ ਮੈਂਬਰ ਬਣ ਕੇ ਹਰ ਕੁਰਬਾਨੀ ਲਈ ਤਿਆਰ ਕਰ ਦਿੱਤਾ।

ਜਹਿੜਾ ਯਤਨ ਦੇਸ਼ ਆਜਾਦ ਕਰਾਉਣ ਦਾ ਗਦਰ ਪਾਰਟੀ ਨੇ ਪਹਿਲਾਂ ਕੀਤਾ, ਜਿਸ ਦਾ ਬਹੁਤ ਹੀ ਸੰਖੇਪ ਹਾਲ ਉਪਰ ਲਿਖਿਆ ਹੈ ਉਹ ਅ-ਸਫਲ ਹੋ ਗਿਆ। ਪਰ ਕੁਰਬਾਨੀਆਂ ਲਈ ਤੇ ਹੋਰ ਯਤਨਾਂ ਲਈ ਉਤਸ਼ਾਹ ਭਰ ਗਿਆ।

ਪਹਿਲੇ ਯਤਨ ਵੇਲੇ ਭਾਰਤ ਵਿਚ ਗਦਰੀਆਂ ਦੀ ਫੜ ਫੜਾਈ ਸਮੇਂ ਗਦਰ ਦੀਆਂ ਕੁਝ ਚੰਗਿਆੜੀਆਂ ਜਿਹੜੀਆਂ ਬੰਗਕੋਕ ਤੋਂ ਜੋ ਅੰਗਰੇਜ਼ੀ ਪੁਲਸੀਆਂ ਦੀਆਂ ਅੱਖਾਂ ਵਿਚ ਘੱਟਾ ਪਾਕੇ ਵਾਪਿਸ ਅਮਰੀਕਾ ਪਹੁੰਚ ਗਈਆਂ ਸਨ ਉਹ ਸਨ ਗੁਪਾਲ ਸਿੰਘ ਸੋਹੀਆਂ, ਰਾਮ ਸਿੰਘ ਧੁਲੇਤਾ, ਭਾਈ ਭਗਵਾਨ ਸਿੰਘ, ਭਾਈ ਸੰਤੋਖ ਸਿੰਘ ਆਦਿ। ਇਨ੍ਹਾਂ ਨੇ ਮੁੜ ਕੰਮ ਬੰਨ੍ਹਕੇ ਗਦਰ ਪਾਰਟੀ ਦਾ ਝੰਡਾ ਚੁੱਕ ਲਿਆ। ਇਸ ਵੇਲੇ ਹਰਜਾਪ ਸਿੰਘ ਹੋਰੀਂ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਪਹਿਲੀ ਵਾਰ ਬਣੇ। ਫੇਰ ਖਜਾਨਚੀ ਵੀ ਰਹੇ। ਪ੍ਰੈਸ ਮੈਨੇਜਰ ਦੀ ਸੇਵਾ ਵੀ ਨਿਭਾਈ। ਪਾਰਟੀ ਨੇ 31 ਮਾਰਚ 1916 ਨੂੰ ਸਾਨਫਰਾਂਸਿਸਕੋ ਸ਼ਹਿਰ ਵਿਚ 5 Wood Street ਤੇ 2 ਕਿੱਲੇ ਜਮੀਨ ਖਰੀਦ ਕੇ ਇਕ ਤਿੰਨ ਮੰਜਲੀ ਬਿਲਡਿੰਗ ਬਣਾਈ ਤੇ ਇਸ ਵਿਚ ਅਖਬਾਰ ਤੇ ਪਾਰਟੀ ਦਾ ਦਫਤਰ ਇਕੱਠੇ ਕਰਕੇ ਯੁਗਾਂਤਰ ਆਸ਼ਰਮ ਬਣਾਇਆ। 22 ਜਨਵਰੀ 1917 ਨੂੰ "ਹਿੰਦੋਸਤਾਨ ਗਦਰ ਪਾਰਟੀ" ਦੇ ਨਾਂ ਤੇ ਪਾਰਟੀ ਨੂੰ ਅਮਰੀਕਨ ਕਾਨੂੰਨ ਨੂੰ ਪੂਰਾ ਕਰਨ ਲਈ ਰਜਿਸਟਰਡ ਕਰਾ ਲਿਆ।

1914-18 ਵਾਲੀ ਦੁਨੀਆਂ ਦੀ ਪਹਿਲੀ ਵੱਡੀ ਲੜਾਈ ਵਿਚ ਜਰਮਨ ਤੁਰਕੀ ਤੇ ਇਟਲੀ ਆਦਿ ਇਕ ਪਾਸੇ ਸਨ। ਇੰਗਲੈਂਡ ਫਰਾਂਸ, ਬਾਅਦ ਵਿਚ ਰੂਸ ਆਦਿ ਦੂਜੇ ਪਾਸੇ ਸਨ। ਜਰਮਨੀ ਨੂੰ ਅੰਗਰੇਜ਼ਾਂ ਦਾ



ਦੁਸ਼ਮਨ ਹੋਣ ਦੇ ਨਾਤੇ ਗਦਰ ਪਾਰਟੀ ਨੇ ਪਹੁੰਚ ਕੀਤੀ। ਜਰਮਨ ਸਰਕਾਰ ਨੇ ਆਪਣੇ ਸਫੀਰ ਦੇ ਰਾਹੀਂ ਸਾਨਫਰਾਂਸਿਸਕੋ ਦੇ ਜਰਮਨ ਕੌਂਸਲ ਜਨਰਲ ਨੂੰ ਇਕ ਲੱਖ ਡਾਲਰ ਗਦਰ ਪਾਰਟੀ ਨੂੰ ਮਦਦ ਕਰਨ ਤੇ ਹਥਿਆਰ ਪਹੁੰਚਾਉਣ ਲਈ ਸੌਂਪ ਦਿੱਤਾ। ਕੰਮ ਸ਼ੁਰੂ ਹੋ ਗਿਆ ਇਹ ਦੂਜਾ ਯਤਨ ਸੀ।

ਇਹ ਰਤਨ ਅਮਰੀਕਾ ਸਰਕਾਰ ਨੇ ਹੀ ਫੇਲ੍ਹ ਕਰ ਦਿੱਤਾ। ਪਹਿਲਾਂ ਅਮਰੀਕਾ ਦੁਚਿੱਤੀ ਵਿਚ ਸੀ। ਫੇਰ ਅੰਗਰੇਜ਼ਾਂ ਨਾਲ ਖੜਾ ਹੋ ਗਿਆ। ਗਦਰੀਆਂ ਤੇ ਜਰਮਨ ਕੌਂਸਲਰ ਉਤੇ ਕੇਸ ਕਰ ਦਿੱਤਾ। ਰਾਮਚੰਦ ਦੀ ਗਦਾਰੀ ਕਰਕੇ ਪਾਰਟੀ ਵਿਚ ਵੀ ਫੁੱਟ ਪੈ ਗਈ। ਰਾਮਚੰਦ ਸਭ ਪੈਸੇ ਆਪ ਖਾਣੇ ਚਾਹੁੰਦਾ ਸੀ। ਜਿਸ ਦਿਨ ਕੇਸ ਦੀ ਤਾਰੀਖ ਸੀ। ਭਾਈ ਰਾਮ ਸਿੰਘ ਨੇ ਗੋਲੀ ਮਾਰ ਕੇ ਭਰੀ ਕਚਿਹਰੀ ਵਿਚ ਰਾਮਚੰਦ ਨੂੰ ਸਦਾ ਲਈ ਰਾਮ ਜੀ ਪਾਸ ਭੇਜ ਦਿਤਾ ਅਤੇ ਭਾਈ ਰਾਮ ਸਿੰਘ ਧੁਲੇਤਾ ਨੂੰ ਮਾਰਸ਼ਲ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਅਮਰੀਕਾ ਦੀ ਆਜ਼ਾਦ ਸਰਕਾਰ ਨੇ ਮੋਮੋਠਗਣੀ ਕਰਕੇ ਭਾਈ ਸੰਤੋਖ ਸਿੰਘ ਭਾਈ ਭਗਵਾਨ ਸਿੰਘ, ਗੋਬਿੰਦ ਬਿਹਾਰੀ ਲਾਲ ਤੇ ਹੋਰ ਸਾਥੀਆਂ ਨੂੰ ਕੈਦ ਕਰ ਦਿੱਤਾ। ਦੂਜਾ ਯਤਨ ਵੀ ਫੇਲ੍ਹ ਹੋ ਗਿਆ।

ਅਪ੍ਰੈਲ 1918 ਵਿਚ ਫੇਰ ਤੀਜਾ ਯਤਨ ਕਰਨ ਲਈ ਪਾਰਟੀ ਖੜੀ ਹੋਈ। ਹਰਜਾਪ ਸਿੰਘ ਪ੍ਰਧਾਨ ਚੁਣੇ ਗਏ। ਜਿਸ ਦਾ ਜਿਕਰ ਪਹਿਲਾਂ ਕੀਤਾ ਹੈ। ਉਨ੍ਹੀਂ ਦਿਨੀਂ ਪਾਰਟੀ ਦੇ ਖੁਫੀਆ ਕਮਿਸ਼ਨ ਦੇ ਤਿੰਨ ਮੈਂਬਰ ਸਨ। 1.ਸ੍ਰ ਹਰਜਾਪ ਸਿੰਘ ਮਾਹਿਲਪੁਰੀ, 2.ਭਾਈ ਸੰਤੋਖ ਸਿੰਘ, 3.ਭਾਈ ਰਤਨ ਸਿੰਘ ਰਾਏਪੁਰ ਡੱਬਾ ਜੋ ਪਾਰਟੀ ਦੀ ਪਾਲਸੀ ਬਣਾਉਂਦੇ ਸਨ।

ਤੀਜਾ ਯਤਨ:—

ਗਦਰ ਪਾਰਟੀ ਨੇ ਗੋਂਦ ਗੁੰਦੀ ਕਿ ਰੂਸ ਦੀ ਬਾਲਸ਼ਵਿਕ ਪਾਰਟੀ ਤੇ ਯੂਰਪ ਦੇ ਅਗਾਂਹ ਵਧੂ ਅਨਸਰਾਂ ਨਾਲ ਫੇਰ ਤਾਲ ਮੇਲ ਜੋੜਿਆ ਜਾਵੇ। ਭਾਰਤ ਵਿਚ ਮੁੜ ਆਪਣੀ ਸ਼ਾਖ ਕਾਇਮ ਕੀਤੀ ਜਾਵੇ। ਫੇਰ ਦੇਸ਼ ਵਿਚ ਸਰਕਾਰ ਪਲਟਾਉਣ ਦਾ ਯਤਨ ਕੀਤਾ ਜਾਵੇ। ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਪਹਿਲਾਂ ਕੈਨੇਡਾ ਦੇ ਰਾਹ ਹਰਜਾਪ ਸਿੰਘ ਮਾਹਿਲਪੁਰ ਤੇ ਬਾਵਾ ਸਿੰਘ ਸਕਰੂਲੀ ਨੂੰ ਦੇਸ਼ ਜਾਣ ਲਈ ਹੁਕਮ ਹੋਇਆ ਕਿਉਂਕਿ ਅਮਰੀਕਾ ਤੋਂ ਸਿੱਧੇ ਜਾ ਕੇ ਵਾਪਸ ਨਹੀਂ ਆ ਸਕਦੇ ਸਨ। ਕੈਨੇਡਾ ਰਾਹੀਂ ਜਾ ਕੇ ਵਾਪਸ ਆ ਸਕਦੇ ਸਨ। ਪਰ ਕੈਨੇਡਾ ਦੀ ਹੱਦ ਤੇ ਕੈਨੇਡਾ ਸਰਕਾਰ ਨੇ ਕੈਨੇਡਾ ਵਿਚ ਉਨ੍ਹਾਂ ਦੇ ਦਾਖਲੇ ਤੇ ਪਾਬੰਦੀ ਲਾ ਦਿਤੀ। ਕੈਨੇਡਾ ਦੀ ਸਰਕਾਰ ਵੀ ਅੰਗਰੇਜ਼ਾਂ ਦੀ ਸਰਕਾਰ ਸੀ। ਉਹ ਗਦਰੀਆਂ ਦੇ ਖਿਲਾਫ ਸੀ। ਇਥੋਂ ਤਕ 1919 ਵਿਚ ਬਾਵਾ ਸਿੰਘ ਸਕਰੂਲੀ ਨੂੰ ਉਸ ਦੇ ਵੱਡੇ ਭਰਾ ਅਮਰ ਸਿੰਘ ਦੇ ਫਿਊਨਰਲ funral ਉਤੇ ਵੀ ਉਨ੍ਹਾਂ ਨੂੰ ਪੁਜਣ ਦੀ ਇਜਾਜਤ ਕੈਨੇਡਾ ਸਰਕਾਰ ਨੇ ਨਹੀਂ ਸੀ ਦਿਤੀ। ਜਿਸ ਕਰਕੇ ਬਾਵਾ ਸਿੰਘ ਦੇ ਪ੍ਰਿਵਾਰ ਨੂੰ ਬਹੁਤ ਸਾਰਾ ਮਾਲੀ ਨੁਕਸਾਨ ਹੋਇਆ। ਕਿਉਂਕਿ ਅਮਰ ਸਿੰਘ ਮਿੱਲ ਦਾ ਮਾਲਕ ਤੇ ਸਾਹਿਬ ਜਾਇਦਾਦ ਸੀ। ਅਮਰ ਸਿੰਘ ਦੇ ਪੈਸੇ ਤੇ ਜਾਇਦਾਦ ਦੇ ਮਾਲਕ ਹੋਰ ਹੀ ਬਣ ਗਏ।

ਦੂਜੇ ਪਾਸੇ ਭਾਈ ਰਤਨ ਸਿੰਘ ਤੇ ਭਾਈ ਸੰਤੋਖ ਸਿੰਘ ਰੂਸ ਪੁਜਣ ਵਿਚ ਸਫਲ ਹੋ ਗਏ। ਇਨ੍ਹਾਂ ਨੇ ਗਦਰ ਪਾਰਟੀ ਦਾ ਸਬੰਧ ਰੂਸੀ ਥੋਰਡ ਇੰਟਰਨੈਸ਼ਨਲ ਕਮਿਊਨਿਸਟ ਪਾਰਟੀ(ਕੋਮਨਟਰਨ) ਨਾਲ ਕਾਇਮ ਕਰ ਦਿਤਾ। ਇਹ ਤੇ ਮਹੀਨੇ ਦੇ ਕਰੀਬ ਰੂਸ ਰਹੇ। ਇਥੋਂ ਕਮਿਊਨਿਜਮ ਦੀ ਵਿਚਾਰਧਾਰਾ ਲੈ ਕੇ ਈਰਾਨ ਹੁੰਦੇ ਹੋਏ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਪੁਜ ਗਏ। ਉਥੇ ਬਾਬਾ ਗੁਰਮੁਖ ਸਿੰਘ ਤੇ ਭਾਈ ਊਧਮ ਸਿੰਘ ਕਸੇਲ ਨੇ ਗਦਰ ਪਾਰਟੀ ਦੀ ਸ਼ਾਖ ਬਣਾਈ ਹੋਈ ਸੀ। ਖਰਚ ਪੱਠਾ ਚਲਾਉਣ ਤੇ ਖੁਫੀਆ ਕਾਰਵਾਈ ਕਰਨ ਲਈ ਸੋਡੇਵਾਟਰ ਦੀ ਦੁਕਾਨ ਕਾਇਮ ਕੀਤੀ ਹੋਈ ਸੀ। ਉਥੇ ਕੁਝ ਦੇਰ ਠਹਿਰ ਕੇ ਭਾਈ ਸੰਤੋਖ ਸਿੰਘ ਮਛਕ ਰਾਹੀਂ ਦਰਿਆ ਪਾਰ ਕਰ ਕੇ ਪਿਸ਼ਾਵਰ ਪੁਜਿਆ ਤੇ ਪੰਜਾਬ ਦਾਖਲ ਹੁੰਦਾ ਫੜਿਆ ਗਿਆ। ਇਕ ਸਾਲ ਦੀ ਕੈਦ ਹੋ ਗਈ। ਰਤਨ ਸਿੰਘ ਵੀ ਪੰਜਾਬ ਪੁਜ ਗਿਆ। ਫੇਰ ਇਨ੍ਹਾਂ ਨੇ ਘਰੀਂ ਬੈਠੇ ਕੁਝ ਗਦਰੀਆਂ ਨੂੰ ਪਾਰਟੀ ਦੇ ਕੰਮ ਲਈ ਪਰੇਰਿਆ ਤਾਂ ਹੋਰ ਇਨਕਲਾਬੀ ਤੇਜਾ ਸਿੰਘ ਸੁਤੰਤਰ ਵਰਗਿਆਂ ਨੂੰ ਆਪਣੇ ਨਾਲ ਜੋੜਿਆ। ਕਿਰਤੀ ਪਤਰਕਾ ਕਢੀ ਤੇ ਕਿਰਤੀ ਕਿਸਾਨ ਜਥੇਬੰਦੀ ਬਣਾਈ।

ਰਤਨ ਸਿੰਘ ਮੁੜ ਅਮਰੀਕਾ ਪੁਜਣ ਲਈ ਰਾਹ ਮੈਕਸੀਕੋ ਦੀ ਸਰਹੱਦ ਪਾਰ ਕਰਦਾ ਫੜਿਆ ਗਿਆ। ਫਿਰ ਕਾਬਲ ਪਰਤ ਗਿਆ। ਉਥੋਂ ਜਰਮਨੀ ਜਾਕੇ ਭਾਈ ਰਤਨ ਸਿੰਘ ਨੇ ਸਾਮਰਾਜ ਵਿਰੋਧੀ ਲੀਗ ਦੀ ਮੀਟਿੰਗ ਵਿਚ ਭਾਗ ਲਿਆ। ਕੁਝ ਚਿਰ ਯੂਰਪ ਵਿੱਚ ਕੰਮ ਕਰਨ ਮਗਰੋਂ ਰਤਨ ਸਿੰਘ ਫੇਰ ਅਮਰੀਕਾ ਪੁਜਣ ਵਿਚ ਕਾਮਯਾਬ ਹੋ ਗਏ। ਇਥੇ ਪੁਜ ਕੇ ਬਣਾਈ ਸਕੀਮ ਅਨੁਸਾਰ ਰੂਸ ਨੂੰ ਥਰਡ ਇੰਟਰਨੈਸ਼ਨਲ ਕਮਿਊਨਿਸਟ ਪਾਰਟੀ ਦੇ ਸੱਦੇ ਤੇ ਗਦਰ ਪਾਰਟੀ ਦੇ ਆਦਮੀ ਭੇਜੇ ਇਨ੍ਹਾਂ ਬੰਦਿਆਂ ਨੇ ਰੂਸ ਤੋਂ ਸਖਲਾਈ ਲੈ ਕੇ ਫੇਰ ਆਜ਼ਾਦੀ ਦੇ ਘੋਲ ਲਈ ਦੇਸ਼ ਵਿਚ ਲੋਕਾਂ ਨੂੰ ਤਿਆਰ ਕਰਨਾ ਸੀ। ਪੂਰਨ ਇਨਕਲਾਬ ਦੀ ਸਕੀਮ ਸਿਰੇ ਚਾੜ੍ਹਣੀ ਸੀ। ਆਸ਼ਰਮ ਦਾ ਕੰਮ ਬਾਬਾ ਨਰਿੰਜਨ ਸਿੰਘ ਪੰਡੋਰੀ ਦੇ ਹਵਾਲੇ ਕੀਤਾ। ਪਹਿਲੇ ਜੱਥੇ ਵਿੱਚ ਹਰਜਾਪ ਸਿੰਘ ਦੀ ਅਗਵਾਈ ਹੇਠਾਂ ਸੰਤਾ ਸਿੰਘ ਗੰਡੀਵਿੰਡ, ਹਰਨਾਮ ਸਿੰਘ ਕਸੇਲ, ਕਰਮ ਸਿੰਘ ਧੂਤ, ਤੇ ਪ੍ਰੇਮ ਸਿੰਘ ਚੂੜਚੱਕ ਤਿਆਰ ਹੋਏ।

ਬਾਬਾ ਹਰਜਾਪ ਸਿੰਘ 1925 ਵਿਚ ਅਮਰੀਕਾ ਤੋਂ ਰੂਸ, ਰੂਸ ਤੋਂ ਅਫਗਾਨਿਸਤਾਨ 1930 ਵਿੱਚ ਦੇਸ਼ ਪੁੱਜਾ ਦੋ ਸਾਲ ਰੂਪੋਸ਼ ਰਹਿ ਕੇ ਫੜਿਆ ਗਿਆ। ਉਸ ਇੱਕਲੇ ਦੀ ਕਹਾਣੀ ਦੇਸ਼ ਪੁਜਣ ਦੀ ਦੁੱਖਾਂ ਭਰੀ ਤੇ ਸਿਰੜ ਵਾਲੀ ਹੈ।

ਸਫਰ:—

1925 ਜਦ ਪਾਰਟੀ ਨੇ ਹਰਜਾਪ ਸਿੰਘ ਦੀ ਜੱਥੇਦਾਰੀ ਹੇਠ ਰੂਸ ਨੂੰ ਇਨਕਲਾਬੀ ਵਿਦਿਆ ਲੈਣ ਲਈ ਜੱਥਾ ਭੇਜਣ ਦਾ ਫੈਸਲਾ ਲਿਆ ਉਦੋਂ ਬਰਾਲੀ ਵਿਚ ਹਰਜਾਪ ਸਿੰਘ ਦੀ ਦੋ ਏਕੜ ਕਪਾਹ ਖਿੜਨ ਤੇ ਆਈ ਹੋਈ ਸੀ ਜਿਸ ਨਾਲ ਉਸਦੀ ਨਿਜੀ ਤੇ ਘਰ ਦਿਆਂ ਦੀ ਮਾਲੀ ਹਾਲਤ ਠੀਕ ਹੋ ਸਕਦੀ ਸੀ ਨੂੰ ਪਾਰਟੀ ਦੇ ਹਵਾਲੇ ਕਰਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਉਤਸ਼ਾਹ ਪੱਲੇ ਬੰਨ ਕੇ ਚਾਲੇ ਪਾ ਦਿੱਤੇ।

ਬਰਾਲੀ (ਕੈਲੇਫੋਰਨੀਆਂ) ਤੋਂ ਸ਼ਿਕਾਗੋ ਹੁੰਦੇ ਹੋਏ ਗੱਡੀ ਰਾਹੀਂ ਨਿਊਯਾਰਕ ਪੁੱਜੇ। ਉਥੋਂ ਸਮੁੰਦਰੀ ਜਹਾਜ਼ ਰਾਹੀਂ ਮੰਡੇਰਾ ਜਜੀਰਾ ਜਬਰਾਲਟਰ ਹੁੰਦੇ ਹੋਏ ਰੂਮ ਸਾਗਰ ਤੋਂ ਅਲਜੇਰੀਆ, ਮਾਰਸੇਲਜ, ਨੇਪਾਲਃ ਸਿਸਲੀ,ਐਥਨ, ਤੁਰਕੀ ਦਰਾ ਦਾਰ ਦਾਨੀਆਲ ਰਾਹੀਂ ਕੁਸਤੁਨਤੁਨੀਆਂ ਪੁੱਜੇ। ਤੁਰਕੀ ਦੀ ਪੁਲਸ ਨੇ ਫੜ ਲਏ। ਦੋ ਮਹੀਨੇ ਕੈਦ ਕੱਟ ਕੇ ਸਮੁੰਦਰੀ ਜਹਾਜ਼ ਰਾਹੀਂ ਰੂਸ ਉੜੀਸਾ ਦੀ ਬੰਦਰਗਾਹ ਤੇ ਉਤਰੇ।

ਇਸਟਰਨ ਯੂਨੀਵਰਸਟੀ ਜਿਹੜੀ ਰੂਸ ਵਾਲਿਆ ਨੇ ਗੁਲਾਮ ਮੁਲਕਾਂ ਦੇ ਇਨਕਲਾਬੀ ਖਿਆਲਾਂ ਦੇ ਕੌਮੀ ਪਰਵਾਨਿਆਂ ਨੂੰ ਆਜਾਦੀ ਦਾ ਘੋਲ਼ ਘੁਲਣ ਦੇ ਦਾਅ ਪੇਚ ਪੜ੍ਹਾਉਣ ਲਈ ਖੋਲੀ ਹੋਈ ਸੀ, ਹਰਜਾਪ ਸਿੰਘ ਦਾ ਜੱਥਾ ਦਾਖਲ ਹੋ ਗਿਆ। ਪੜ੍ਹਾਈ ਸ਼ੁਰੂ ਹੋ ਗਈ। ਪੜ੍ਹਦੇ ਪੜ੍ਹਦੇ 1926 ਵਿਚ ਰਸ਼ਿਅਨ ਕਿਸਾਨਾਂ ਦੀ ਕੌਮੀ ਕਾਨਫਰੰਸ ਵਿਚ ਹਰਜਾਪ ਸਿੰਘ ਨੇ ਭਾਰਤ ਦੇ ਪ੍ਰਤੀਨਿਧ ਦੇ ਤੌਰ ਤੇ ਹਿਸਾ ਲਿਆ।

ਕੋਰਸ ਖਤਮ ਹੋਣ ਤੇ ਹਰਜਾਪ ਸਿੰਘ ਤੇ ਸੰਤਾ ਸਿੰਘ ਦਾ ਯੂਰਪ ਰਾਹੀਂ ਅਤੇ ਕਰਮ ਸਿੰਘ ਤੇ ਹਰਨਾਮ ਸਿੰਘ ਦਾ ਚੀਨ ਰਾਹੀਂ ਹਿੰਦੋਸਤਾਨ ਪੁਜਣ ਦਾ ਪ੍ਰੋਗਰਾਮ ਬਣਿਆ।

ਰੂਸ ਦੀ ਕਮਿਊਨਿਸਟ ਪਾਰਟੀ ਨੇ ਫਰਾਂਸ ਤਕ ਪੁਜਣ ਦਾ ਪਰਬੰਧ ਕਰ ਦਿਤਾ। ਪਰ ਫਰਾਂਸ ਵਿਚ ਅਠ ਮਹੀਨੇ ਭੌਸੜ ਭਨਾ ਕੇ ਫਰਾਂਸ ਦੀ ਕਮਿਊਨਿਸਟ ਪਾਰਟੀ ਨੇ ਅੱਗੇ ਪ੍ਰਬੰਧ ਕਰਨ ਤੇ ਲਾਚਾਰੀ ਜਾਹਰ ਕਰ ਦਿਤੀ। ਹਰਜਾਪ ਸਿੰਘ ਤੇ ਸੰਤਾ ਸਿੰਘ ਨੇ ਕਿਸੇ ਅਮਰੀਕਨ ਸੈਲਾਨੀ ਦੀ ਮੱਦਦ ਨਾਲ ਅੱਗੇ ਤੁਰਨ ਦੇ ਕਾਗਜ਼ ਤਾਂ ਬਣਾ ਲਏ ਪਰ ਪੈਸੇ ਮੁੱਕ ਗਏ। ਹਰਜਾਪ ਸਿੰਘ ਸੰਤਾ ਸਿੰਘ ਨੂੰ ਫਰਾਂਸ ਛੱਡ ਕੇ ਜਰਮਨੀ ਤੋਂ ਦੇਸ਼ ਭਗਤ ਪਨਾਹਗਾਹ ਤੋਂ ਪੈਸੇ ਦਾ ਇੰਤਜ਼ਾਮ ਕਰਨ ਚਲਾ ਗਿਆ। ਜਰਮਨੀ ਪੁਜ ਕੇ ਮਿਠਾ ਸਿੰਘ ਪਾਸ ਠਹਿਰ ਕੇ ਲੱਖਾ ਸਿੰਘ ਤੋਂ ਪੈਸੇ ਲੈਕੇ ਸੰਤਾ ਸਿੰਘ ਨੂੰ ਭੇਜ ਦਿੱਤੇ ਤੇ ਉਸਨੂੰ ਦੇਸ਼ ਪੁਜਣ ਲਈ ਆਖ ਦਿਤਾ। ਉਹ ਫਰਾਂਸ ਤੋਂ ਪਾਂਡੀਚਰੀ ਪੁਜਾ। ਪਾਂਡੀਚਰੀ ਦੇ ਜੰਗਲ ਨੂੰ ਚੀਰਦਾ ਭਾਰਤ ਦੀ ਹੱਦ ਵਿਚ ਜਾਕੇ ਫੜਿਆ ਗਿਆ ਤੇ ਜੇਲ੍ਹ ਹੋ ਗਈ।

ਹਰਜਾਪ ਸਿੰਘ ਦੀ ਜਰਮਨੀ ਤੋਂ ਨਿਕਲਣ ਦੀ ਸਬੀਲ ਨ ਬਣੀ ਤੇ ਉਸਨੂੰ ਮੁੜ ਰੂਸ ਜਾਣਾ ਪਿਆ। ਸਰਹੱਦ ਤੇ ਜਰਮਨੀ ਦੀ ਪੁਲੀਸ ਨੇ ਫੜ ਕੇ ਸਜ਼ਾ ਸੁਣਾ ਦਿਤੀ। ਸਜਾ ਪੁਗਤਣ ਤੋਂ ਬਾਅਦ ਫੇਰ ਰੂਸ ਦੀ ਐਂਮਬੈਸੀ ਦੀ ਮਦਦ ਨਾਲ ਰੂਸ ਪੁੱਜ ਗਿਆ। 1927 ਵਿਚ ਕਰਮ ਸਿੰਘ ਵੀ ਭਸੜ ਭਨਾਉਂਦਾ ਇਨ੍ਹਾਂ ਵਾਂਗ ਬਲਾਡੀ ਵਾਸਟਕ ਤੋਂ ਵਾਪਸ ਰੂਸ ਪੁੱਜ ਗਿਆ।

1927 ਵਿਚ ਰੂਸ ਦੇ ਇਨਕਲਾਬ ਦੀ ਦਸਵੀਂ ਵਰ੍ਹੇ ਗੰਢ ਵਿਚ ਹਰਜਾਪ ਸਿੰਘ ਨੇ ਪੂਰੇ ਭਾਰਤ ਦੇ ਪ੍ਰਤੀਨਿਧ ਦੇ ਤੌਰ ਤੇ ਭਾਗ ਲਿਆ। ਜਵਾਹਰ ਲਾਲ ਨਹਿਰੂ ਨੇ ਉਸ ਵੇਲੇ ਸਿਰਫ ਉਬਜਰਵਰ ਦੇ ਤੌਰ ਤੇ ਭਾਗ ਲਿਆ।

ਅਪ੍ਰੈਲ 1928 ਨੂੰ ਕਰਮ ਸਿੰਘ ਧੂਤ ਤੇ ਹਰਜਾਪ ਸਿੰਘ ਨੂੰ ਕਮਿਊਨਿਸਟ ਪਾਰਟੀ ਨੇ ਕਾਬਲ ਰਾਹੀਂ ਭਾਰਤ ਭੇਜਣ ਦੀ ਸਲਾਹ ਦਿੱਤੀ।

ਇਹ ਮਾਸਕੋ ਤੋਂ ਗੱਡੀ ਰਾਹੀਂ ਤਾਸ਼ਕੰਦ ਤੇ ਉਥੋਂ ਸਮਰਕੰਦ ਪੰਦਰਾਂ ਦਿਨਾਂ ਵਿਚ ਪੁੱਜੇ। ਮਿਰਮੀ ਤੋਂ 18 ਮੀਲ ਪੈਦਲ ਜਾਕੇ ਸਰਹੱਦ ਪਾਰ ਕਰਨੀ ਸੀ। ਗਾਈਡ ਦੀ ਗਲਤੀ ਨਾਲ ਰੂਸ ਦੀ ਪੁਲਸ ਨੇ ਹੀ ਫੜ ਕੇ ਵਾਪਸ ਪੈਦਲ ਤੋਰ ਕੇ ਮਿਰਮੀ ਭੇਜ ਦਿਤੇ। ਉਪਰਲੇ ਅਧਿਕਾਰੀਆਂ ਦੀ ਮਦਦ ਨਾਲ ਦੂਜੀ ਸ਼ਾਮ ਅਨ੍ਹੇਰੇ ਵਿਚ ਇਕ ਛੋਟੀ ਬੇੜੀ ਵਿਚ ਇਕ ਦਰਿਆ ਦੇ ਪਾੜ ਤੇ ਸਰਹੱਦ ਪਾਰ ਕਰ ਲਈ। ਨ ਕੋਈ ਰਸਤਾ ਨ ਪਗਡੰਡੀ ਸਿਰਫ ਤਾਰਿਆਂ ਦਾ ਹਿਸਾਬ ਲਾਕੇ ਜੰਗਲ ਪਹਾੜ ਤੇ ਰੇਗਸਤਾਨ ਵਿਚ ਦੋ ਰਾਤਾਂ ਇਕ ਦਿਨ ਤੁਰਦੇ ਤੁਰਦਿਆਂ ਦਾ ਭੁੱਖ ਪਿਆਸ, ਬਿਖੜਾ ਪੈਂਡਾ ਤੇ ਭਿਆਨਕ ਔਕੜਾਂ ਹੌਸਲਾ ਢਾਹ ਨ ਸਕੀਆਂ। ਉਤਸ਼ਾਹ ਇਨ੍ਹਾਂ ਨੂੰ ਤਾਸ਼ਕੁਰਬਾਨ ਲੈ ਪੁੱਜੀ। ਪਰ ਉਥੇ ਇਕ ਸਰਾਂ ਵਿਚ ਪੁਲਸ ਨੇ ਫੜ ਲਿਆ। ਰੂਸੀ ਜਾਸੂਸ ਹੋਣ ਦਾ ਕੇਸ ਬਣਾ ਦਿੱਤਾ। ਇਕ ਮਹੀਨਾ ਹਵਾਲਾਤੇ ਰੱਖ ਕੇ ਚਲਾਨ ਪੇਸ਼ ਕੀਤਾ ਤਾਂ ਦੋ ਮਹੀਨੇ ਦੀ ਮਦਾਰ ਸ਼ਰੀਫ ਦੀ ਤਾਰੀਖ ਪੈ ਗਈ। ਇਕ ਪੁਰਖੀ ਰਾਜ ਦੀ ਹਵਾਲਾਤ ਜੇਲ੍ਹ ਨਾਲੋਂ ਭੀ ਭੈੜੀ ਸੀ। ਉਥੇ ਵੀ ਹੌਸਲਾ ਨਹੀਂ ਹਾਰਿਆ। ਤਾਸ਼ਕੁਰਬਾਨ ਤੋਂ ਮਦਾਰ ਸ਼ਰੀਫ ਕੋਤਵਾਲ ਦੀ ਨਿਗਰਾਨੀ ਹੇਠ ਪੈਦਲ ਤਾਰੀਖ ਭੁਗਤਣ ਗਏ। ਉਥੇ ਛੇ ਮਹੀਨੇ ਦੀ ਕਾਬਲ ਦੀ ਤਾਰੀਖ ਪੈ ਗਈ। ਪੈਦਲ ਫੇਰ ਕਾਬਲ ਨੂੰ ਤੋਰ ਲਏ ਗਏ। ਕੋਹ ਦੰਦਾਨੇ ਸ਼ਿਕਨ ਦੀ ਚੜ੍ਹਾਈ ਚੜ੍ਹਦੇ ਉਤਰਦੇ ਕਈ ਦਿਨਾਂ ਵਿਚ ਕਾਬਲ ਪੁੱਜੇ। ਪਰ ਉਥੇ ਜਾ ਕੇ ਪਾਰਟੀ ਦੇ ਬੰਦਿਆਂ ਨੇ ਜ਼ਮਾਨਤ ਤੇ ਰਿਹਾ ਕਰਾ ਲਏ। ਗਦਰ ਪਾਰਟੀ ਦੇ ਅੱਡੇ ਸੋਡਾਵਾਟਰ ਦੀ ਦੁਕਾਨ ਤੇ ਕੰਮ ਕਰਨ ਲੱਗ ਪਏ। ਡੇਢ ਸਾਲ ਬਾਅਦ ਮੁਕੱਦਮੇਂ ਦਾ ਫੈਸਲਾ ਹੋਇਆ ਕਿ ਇਨ੍ਹਾਂ ਨੂੰ ਰੂਸ ਵਾਪਸ ਕੀਤਾ ਜਾਵੇ। ਫੈਸਲੇ ਦੀ ਤਾਮੀਲ ਨੂੰ ਦੇਰ ਲੱਗ ਗਈ ਤੇ ਅਫਗਾਨਿਸਤਾਨ ਉਤੇ ਬੱਚੇ ਸੱਕੇ ਦਾ ਰਾਜ ਹੋ ਗਿਆ। ਉਸ ਨੇ ਇਹ ਕੇਸ ਰੱਦ ਕਰਕੇ ਤਾਮੀਲ ਰੋਕ ਦਿੱਤੀ। 6 ਮਹੀਨੇ ਬਾਅਦ ਪਾਰਟੀ ਨੇ ਲੰਡੀਕੋਤਲ ਰਾਹੀਂ ਦੇਸ਼ ਭੇਜਣ ਦੀ ਸਕੀਮ ਬਣਾਈ। ਲੰਡੀਕੋਤਲ 6 ਮਹੀਨੇ ਬਹਿ ਕੇ ਆ ਗਏ ਪਰ ਹੱਦ ਪਾਰ ਕਰਨ ਦਾ ਸੂਤ ਨ ਲੱਗਾ। ਕਾਬਲ ਵਾਪਸ ਆਕੇ ਕੋਹਾਟ ਦੇ ਰਸਤੇ ਪੈਦਲ ਜੰਗਲ ਵਿਚ ਦੀ ਰਾਤ ਨੂੰ ਸਰਹੱਦ ਪਾਰ ਕਰਨ ਵਿਚ ਕਾਮਯਾਬ ਹੋ ਗਏ। 1930 ਨੂੰ ਵਸਾਖੀ ਵਾਲੇ ਦਿਨ ਅੰਮ੍ਰਿਤਸਰ ਪੁੱਜ ਗਏ।

ਬਰਾਲੀ (ਅਮਰੀਕਾ) ਤੋਂ ਅੰਮ੍ਰਿਤਸਰ (ਭਾਰਤ) ਪੁਜਣ ਵਿਚ 5 ਸਾਲ ਲਗ ਗਏ। ਕੰਮ ਹਾਲੇ ਸ਼ੁਰੂ ਕਰਨਾ ਸੀ ਦੇਸ਼ ਆਜ਼ਾਦ ਕਰਾਉਣ ਦਾ। ਪਰ ਕਾਬਲ ਤੋਂ ਤੁਰਨ ਤੋਂ ਪਹਿਲਾਂ ਦੇਸ਼ ਵਿਚ ਹਰਜਾਪ ਸਿੰਘ ਦੇ ਵਾਰੰਟ ਗ੍ਰਿਫਤਾਰੀ ਜਾਰੀ ਹੋ ਚੁਕੇ ਸਨ।

ਪੈਰਾਂ ਤੇ ਲੱਤਾਂ ਵਿਚ ਖੂਨ ਉਤਰਿਆ ਹੋਇਆ ਸੀ। ਸੰਤਾ ਸਿੰਘ ਦੀ ਮਦਦ ਨਾਲ ਮੰਗਲ ਸਿੰਘ ਪਾਸ 6 ਮਹੀਨੇ ਅਲੀਪੁਰ ਯੂਪੋਸ਼ ਰਹੇ। ਫਿਰ ਢਾਡੇ ਦਸੌਂਧਾ ਸਿੰਘ ਪਾਸ ਆ ਰਹੇ। ਕੁਝ ਸਮਾਂ ਪਖੋਵਾਲ ਸੰਤ ਦਾ ਭੇਸ ਧਾਰ ਕੇ ਗੁਜਾਰਿਆ। ਹਰਜਾਪ ਸਿੰਘ ਨੇ ਹਰਜਾਪ ਸਿੰਘ ਦਾ ਦੋਸਤ ਬਣ ਕੇ ਘਰ ਮਿਲਣ ਜਾਣਾ ਤੇ ਘਰਦਿਆਂ ਨੂੰ ਭੀ ਦੇਸ਼ ਭਗਤੀ ਕਰਕੇ ਪੂਰੀ ਗੱਲ ਨ ਦਸਣੀ। ਕਿੰਨੀ ਜਿਗਰੇ ਦੀ ਗੱਲ ਹੈ।

ਬੜੀ ਦੌੜ ਭੱਜ ਕਰਕੇ ਭੀ ਗਦਰੀਆਂ ਦੀ ਜੋ ਦੇਸ਼ ਵਿਚ ਸਨ ਮੀਟਿੰਗ ਸਾਂਝੀ ਨ ਹੋ ਸਕੀ। ਪੁਲਸ ਨੂੰ ਕੁਝ ਬੰਦਿਆਂ ਦੀ ਗਦਾਰੀ ਕਰਕੇ ਪਹਿਲਾਂ ਪਤਾ ਲੱਗ ਜਾਂਦਾ ਸੀ।


ਆਖਰਕਾਰ ਮਾਹਿਲਪੁਰ ਬੇਅੰਤ ਸਿੰਘ ਦੇ ਖੂਹ ਤੇ ਕਿਸੇ ਗੱਦਾਰ ਦੀ ਮੁਖਬਰੀ ਕਰਕੇ ਫੜੇ ਗਏ। ਰੈਜੂਲੇਸ਼ਨ 3-1818 ਦੇ ਅਧੀਨ ਇਨ੍ਹਾਂ ਨੂੰ ਮਿੰਟਗੁਮਰੀ ਜੇਲ੍ਹ ਵਿਚ ਡੱਕ ਦਿੱਤਾ। 1934 ਵਿਚ ਤਿੰਨ ਸਾਲ ਦੀ ਕੈਦ ਤੋਂ ਬਾਅਦ ਜਦ ਰਿਹਾਈ ਹੋਈ, ਉਸ ਦੇ ਨਾਲ ਹੀ ਮਾਹਿਲਪੁਰ ਵਿਚ ਜਬਾਨ ਬੰਦ ਤੇ ਹਦ ਬੰਦ ਦਾ ਹੁਕਮ ਹੋ ਗਿਆ।

ਦੇਸ਼ ਆਕੇ ਪਹਿਲਾ ਜਿਹੜਾ ਕੰਮ ਇਨ੍ਹੀਂ ਕੀਤਾ ਉਹ ਥਾਣੇਦਾਰ ਗੁਰਚਰਨ ਸਿੰਘ ਦੀ ਅੱਤ ਤੇ ਉਸਦੀਆਂ ਦੇਸ਼ ਭਗਤਾਂ ਤੇ ਤੱਦੀਆਂ ਨੂੰ ਠਲ ਪਾਉਣਾ ਸੀ। ਉਸ ਦੇ ਖਿਲਾਫ ਦੁਆਬੇ ਵਿਚ ਪਹਿਲੀ ਵੱਡੀ ਕਾਨਫਰੰਸ 29 30 ਅਤੇ 31 ਜੁਲਾਈ 1936 ਨੂੰ ਬੁਲਾਈ। ਜਿਸ ਵਿਚ ਜਵਾਹਰ ਲਾਲ ਨਹਿਰੂ ਨੇ ਭੀ ਭਾਸ਼ਨ ਦਿੱਤਾ।

ਬਾਕੀ ਸਫਾ16ਤੇ


ਖੁ - ਸ਼ - ਖ - ਬ - ਰੀ !

ਫੈਕਚਰਰ ਇ:



ਂਡ ਬਰਦਰਜ਼ ਵਲੋਂ

y Sweets



ਖੁਸ਼ਖਬਰੀ

ਹੁਣ ਤੁਹਾਡੀ ਸਹੂਲਤ ਲਈ ਬੰਬੇ ਵਾਲੇ ਵੈਨਕੂਵਰ ਵਿੱਚ ਸਭ ਤੋਂ
ਸਾਫ ਸੁਥਰੀ ਸਟੋਰ ਦਾ ਉਦਘਾਟਨ ਕਰ ਰਹੇ ਹਨ
ਮਠਿਆਈਆਂ ਦੇ ਇਸ ਭੰਡਾਰ ਵਿਚ ਮਠਿਆਈ ਤੋਂ
ਇਲਾਵਾ ਹੋਰ ਵੀ ਕਈ ਕੁਝ ਮਿਲੇਗਾ!

PENING

ਕਾਰੀ ਅਗਲੇ ਅੰਕਾਂ ਵਿਚ !

ਲਈ ਫ਼ੂਨ ਕਰੋ ਜਾਂ ਪੁੱਜੋ !



6545 Main St. (at 49th Ave.)
Vancouver, B.C.
(604)321-1414

ਨੂਫੈਕਚਰਰ ਇ:

ਐਂਡ ਬਰਦਰਜ਼

urer Inc. and Naresh Shukla
Bros.
customers for helping us grow.

Bombay Sweet
Manufacturer

ਮੈਨੀਟੋਬਾ ਦਰਪਣ

ਕੁਝ ਸਿੱਖ ਸੁਸਾਇਟੀਆਂ ਦੇ ਸਬੰਧ ਵਿਚ

ਹਰਚੰਦ ਸਿੰਘ

ਸਿੱਖ ਸੋਸਾਇਟੀ ਆਫ ਮੈਨੀਟੋਬਾ, ਵਿੰਨੀਪੈਂਗ, ਸੂਬੇ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਸਿੱਖ ਸੰਸਥਾ ਹੈ। ਅਪਰੈਲ 1970 ਵਿਚ ਜਦ ਇਸ ਦਾ ਜਨਮ ਹੋਇਆ ਤਾਂ ਵਿੰਨੀਪੈਂਗ ਸ਼ਹਿਰ ਅੰਦਰ ਕੇਵਲ 25-30 ਸਿੱਖ ਪਰਿਵਾਰ ਹੀ ਸਨ। ਆਪਣੀ ਹੋਂਦ ਦੇ ਪਹਿਲੇ ਚਾਰ ਸਾਲਾਂ ਵਿਚ ਇਸ ਸੰਸਥਾ ਦੇ ਮੈਂਬਰ ਸਾਲ ਵਿਚ ਕੇਵਲ ਚਾਰ ਵਾਰ (ਚਾਰ ਗੁਰਪੁਰਬਾਂ ਤੇ) ਇਕੱਠੇ ਹੁੰਦੇ ਰਹੇ। ਜਨਵਰੀ 1974 ਤੋਂ ਸੋਸਾਇਟੀ ਦੇ ਸਮਾਗਮ ਹਰ ਮਹੀਨੇ ਹੋਣ ਲੱਗੇ, ਅਤੇ ਜਦ ਜੂਨ 1978 ਵਿਚ ਸੋਸਾਇਟੀ ਨੇ ਇਕ ਚਰਚ ਬਿਲਡਿੰਗ ਖਰੀਦ ਉਸਨੂੰ ਗੁਰਦੁਆਰੇ ਦਾ ਰੂਪ ਦੇ ਦਿੱਤਾ, ਤਾਂ ਧਾਰਮਿਕ ਸਤਿਸੰਗ ਹਫਤਾਵਾਰੀ ਹੋ ਗਏ, ਪਰ ਤਿੰਨ ਸਾਲਾਂ ਦੇ ਅੰਦਰ ਹੀ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਨਿਤ ਵੱਧਦੀ ਜਾ ਰਹੀ ਸੰਗਤ ਦੀਆਂ ਲੋੜਾਂ ਪੂਰਾ ਕਰਨ ਦੇ ਸਮਰਥ ਨਹੀਂ ਹੈ। ਸਾਲ 1981 ਵਿਚ ਸਰਦਾਰ ਕੁਲਤਾਰ ਸਿੰਘ ਸਚਦੇਵ ਜੀ ਦੀ ਪ੍ਰਧਾਨਗੀ ਹੇਠ ਪ੍ਰਬੰਧਕ ਕਮੇਟੀ ਨੇ ਨੇ ਇਕ ਵੱਡਾ ਨਵਾਂ ਗੁਰਦੁਆਰਾ ਬਨਾਉਣ ਦੇ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਆਰੰਭ ਕੀਤਾ। ਸ਼ਹਿਰ ਦੀ ਵਸੋਂ ਦੇ ਨੇੜੇ ਲਗਦੀ ਜ਼ਮੀਨ 15-20 ਹਜ਼ਾਰ ਡਾਲਰ ਇਕ ਏਕੜ ਦੇ ਹਿਸਾਬ ਨਾਲ ਮਿਲਦੀ ਸੀ ਅਤੇ ਗੁਰਦੁਆਰਾ ਸਾਹਿਬ ਲਈ 5 ਏਕੜ ਜ਼ਮੀਨ ਖਰੀਦਨ ਦਾ ਵਿਚਾਰ ਸੀ। ਉਸ ਸਮੇਂ ਇਤਫਾਕ ਨਾਲ 19 ਏਕੜ ਜ਼ਮੀਨ ਦਾ ਇਕ ਟੁਕੜਾ ਨਜ਼ਰ ਆਇਆ ਜਿਸ ਦੀ ਕੁਲ ਕੀਮਤ ਕੇਵਲ ਇਕ ਲੱਖ ਡਾਲਰ ਸੀ। ਇਹ ਜ਼ਮੀਨ ਵਸੋਂ ਤੋਂ ਸਵਾ ਮੀਲ ਦੂਰ ਪਰ ਸ਼ਹਿਰ ਦੇ Parameter ਦੇ ਅੰਦਰ ਸੀ। ਕਿਉਂਜੋ ਇਸ 19 ਏਕੜ ਜ਼ਮੀਨ ਦੀ ਕੀਮਤ ਸ਼ਹਿਰ ਵਿਚ ਬਾਕੀ ਥਾਵਾਂ ਦੀ 4-5 ਏਕੜ ਜ਼ਮੀਨ ਦੇ ਬਰਾਬਰ ਸੀ, ਇਸ ਲਈ ਸਿੱਖ ਸੋਸਾਇਟੀ ਦੀ ਜਨਰਲ ਬਾਡੀ ਨੇ ਇਹ ਜ਼ਮੀਨ ਖਰੀਦਨ ਦਾ ਫੈਸਲਾ ਕੀਤਾ। ਇਹ ਫੈਸਲਾ ਸ੍ਰ.ਕੁਲਤਾਰ ਸਿੰਘ ਸਚਦੇਵ ਜੀ ਦੇ ਪ੍ਰਧਾਨ ਹੋਣ ਦੇ ਸਮੇਂ ਹੀ ਕੀਤਾ ਗਿਆ। ਜ਼ਮੀਨ ਦੀ ਖਰੀਦ ਪ੍ਰਧਾਨ ਗੁਰਮੀਤ ਸਿੰਘ ਮਥਾਰੂ ਦੀ ਪ੍ਰਬੰਧਕ ਕਮੇਟੀ ਨੇ ਮਈ 1982 ਵਿਚ ਕੀਤੀ। ਜਿਸ ਤਰ੍ਹਾਂ ਲਾਸਐਂਜਲੈਸ, ਅਟਵਾ, ਕੈਲਗਰੀ, ਅਤੇ ਬੀ.ਸੀ. ਦੇ ਕੁਝ ਸ਼ਹਿਰਾਂ ਵਿਚ ਦੇਖਣ ਵਿਚ ਆਇਆ ਹੈ, ਕੁਝ ਵਿਅਕਤੀਆਂ ਵਲੋਂ ਇਸ ਜ਼ਮੀਨ ਦੇ ਖਰੀਦੇ ਜਾਣ ਅਤੇ ਉਸ ਵਿਚ ਗੁਰਦੁਆਰਾ ਸਾਹਿਬ ਬਨਾਉਣ ਦੀ ਕੜੀ ਵਿਰੋਧਤਾ ਕੀਤੀ ਗਈ। ਅਸਲ ਵਿਚ ਇਹ ਵਿਅਕਤੀ, ਜ਼ਮੀਨ ਦੇ ਨਾਮ ਤੇ, ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਵਿਰੋਧਤਾ ਕਰ ਰਹੇ ਸਨ। ਅਸੀਂ ਅਸੰਤੁਸ਼ਟ ਵੀਰਾਂ ਦੇ ਇਤਰਾਜ਼ ਪਾਠਕਾਂ ਦੇ ਧਿਆਨ-ਯੋਗ ਕਰਨਾ ਜ਼ਰੂਰੀ ਸਮਝਦੇ ਹਾਂ। ਇਤਰਾਜ਼ ਇਹ ਸਨ :-

1.ਗੁਰਦੁਆਰੇ ਲਈ 4-5 ਏਕੜ ਜ਼ਮੀਨ ਕਾਫੀ ਹੈ। 1-19 ਏਕੜ ਜ਼ਮੀਨ ਖਰੀਦਣ ਦਾ ਕੀ ਲਾਭ ? ਏਨੀ ਜ਼ਮੀਨ ਵਿਚ ਕੀ ਅਸੀਂ ; ਡੰਗਰ ਚਾਰਨੇ ਹਨ ?

2.ਸਿੱਖ ਸੋਸਾਇਟੀ ਇੱਕ ਲਾਭ-ਰਹਿਤ ਸੰਸਥਾ ਹੈ, ਏਨੀ ਜ਼ਿਆਦਾ ਜਮੀਨ ਖਰੀਦ ਕੇ , ਕੀ ਇਸ ਨੇ ਕੋਈ ਬਿਜ਼ਨਸ ਆਰੰਭ ਕਰਨਾ ਹੈ ?

3.ਇਕ ਵਿਅਕਤੀ ਨੇ ਆਪਣੀ ਮੰਦ ਭਾਵਣਾ ਦਾ ਪ੍ਰਗਟਾਵਾ ਕਰਦੇ ਹੋਏ ਸੌਦੇ ਵਿਚ ਕੁਝ ਗੋਲ ਮਾਲ ਕਰਨ ਦਾ ਦੋਸ਼ ਵੀ ਲਾਇਆ।

4.ਇਸ ਜ਼ਮੀਨ ਦੇ ਸਬੰਧ ਵਿਚ ਸਭ ਤੋਂ ਵੱਡਾ ਇਤਰਾਜ਼, ਜਿਸ ਕਾਰਨ ਸੋਸਾਇਟੀ ਨੂੰ ਸਭ ਤੋਂ ਅਧਿਕ ਹਾਨੀ ਪੁੱਜੀ, ਉਹ ਇਹ ਸੀ ਕਿ ਇਸ ਜ਼ਮੀਨ ਨਾਲ ਕੋਈ ਸੜਕ ਨਹੀਂ ਲਗਦੀ। ਓਥੇ ਕੇਵਲ ਟਰੱਕਾਂ ਦੀਆਂ ਲੀਹਾਂ ਹਨ। ਸੰਗਤ ਨੂੰ ਓਥੇ ਪੁਜੱਣ ਵਿਚ ਜਾਂ ਤਾਂ ਹੈਲੀਕਾਪਟਰ ਖਰੀਦਣੇ ਪੈਣਗੇ, ਅਤੇ ਜਾਂ ਇਕ ਝੀਲ ਖੋਦ ਕੇ ਬੇੜੀਆਂ ਰਾਹੀਂ, ਮੱਥਾ ਟੇਕਣ ਲਈ ਓਥੇ ਪੁਜਣਾ ਪਏਗਾ।

-ਇਹ ਚੌਥੀ ਗੱਲ ਸੌ ਫੀ ਸਦੀ ਗਲਤ ਸੀ, ਪਰ ਕੁਝ ਪ੍ਰਸਿੱਧ ਵਿਅਕਤੀਆਂ ਨੇ , ਇਸ ਨੂੰ ਏਨੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ , ਵਾਰ ਵਾਰ, ਦੁਹਰਾਇਆ ਕਿ ਸਾਧਾਰਨ ਬੁੱਧੀ ਦੇ ਵਿਅਕਤੀਆਂ ਲਈ ਇਸ ਮਾਮਲੇ ਦੀ ਅਸਲੀਅਤ ਨੂੰ ਜਾਣਨਾ ਮੁਸ਼ਕਲ ਹੋ ਗਿਆ।

ਇਸ ਗੱਲ ਦਾ ਇਕ ਮਾਰੂ ਸਿੱਟਾ ਇਹ ਨਿਕਲਿਆ ਕਿ ਗੁਰਦੁਆਰਾ ਸਾਹਿਬ ਦੀ ਜ਼ਮੀਨ ਲਈ ਜੋ ਉਗਰਾਹੀ ਚਲ ਰਹੀ ਸੀ, ਉਹ ਬਿਲਕੁਲ ਬੰਦ ਹੋ ਗਈ। ਪ੍ਰਬੰਧਕ ਕਮੇਟੀ ਨੇ ਪਹਿਲੇ 105 ਦਿਨਾਂ ਵਿਚ (ਪਹਿਲੀ ਮਈ ਤੋਂ 15 ਅਗਸਤ 1982 ਤਾਈਂ)) 72 ਹਜ਼ਾਰ ਡਾਲਰ ਇਕੱਠੇ ਕਰ , ਜ਼ਮੀਨ ਦੇ ਤਾਰ ਦਿੱਤੇ, ਪਰ ਉਸ ਤੋਂ ਪਿੱਛੋਂ , ਗਲਤ ਪ੍ਰਚਾਰ ਦੇ ਫਲ ਸਰੂਪ , ਦਸ ਡਾਲਰ ਦੀ ਵੀ ਉਗਰਾਹੀ ਨ ਹੋ ਸਕੀ। ਆਪਣੀ ਵਾਰਸ਼ਿਕ ਰਪੋਰਟ ਪੜ੍ਹਦੇ ਹੋਏ, ਸੋਸਾਇਟੀ ਦੇ ਪ੍ਰਧਾਨ ਨੇ ਇਹ ਅੱਖਰ ਕਹੇ:-

"ਕੁਝ ਭੱਦਰ ਪੁਰਸ਼ਾਂ ਵਲੋਂ ਜ਼ਮੀਨ ਦੇ ਸਬੰਧ ਵਿਚ ਜੋ ਗਲਤ ਪ੍ਰਚਾਰ ਕੀਤਾ ਗਿਆ, ਉਸ ਦੇ ਸਿੱਟੇ ਵਜੋਂ ਸੋਸਾਇਟੀ ਨੂੰ ਘੱਟੋ ਘੱਟ 30 ਹਜ਼ਾਰ ਡਾਲਰ ਦਾ ਮਾਲੀ ਨੁਕਸਾਨ ਹੋਇਆ ਹੈ।"

ਇਸ ਦੇ ਨਾਲ ਹੀ ਸਾਲ 1982 ਵਿਚ ਸਿੱਖ ਸੋਸਾਇਟੀ ਨੂੰ ਇਕ ਹੋਰ ਧੱਕਾ ਲੱਗਾ। ਸਾਲ ਦੇ ਪਿਛਲੇ ਅਧਵਾੜੇ ਵਿਚ ਪੁਲਸ ਦਾ ਰੈਕਰਡ ਰੱਖਣ ਵਾਲੇ ਕੁਝ ਵਿਅਕਤੀ ਆਪਣੇ ਲੀਡਰ ਦੀ ਛਤਰ ਛਾਇਆ ਹੇਠ, ਸ਼ਰਾਬ ਪੀ ਕੇ ਗੁਰਦੁਆਰੇ ਪੁੱਜ ਜਾਂਦੇ। ਉਹ ਮੇਨ ਹਾਲ ਦੇ ਅੰਦਰ ਤਾਂ ਨਾ ਵੜਦੇ , ਪਰ ਉਸ ਤੋਂ ਬਾਹਰ ਦਰਵਾਜੇ ਨਾਲ ਲਗਦੇ ਕਮਰੇ ਵਿਚ ਬੈਠ ਜਾਂਦੇ। ਇਸ ਗੱਲ ਦਾ ਆਵੱਸ਼ਕ ਰੂਪ ਵਿਚ ਗੁਰਦੁਆਰੇ ਦੀ ਹਾਜ਼ਰੀ ਤੇ ਅਸਰ ਪੈਣਾ ਸੀ। ਗੁਰਦੁਆਰਾ ਸਾਹਿਬ ਆਉਣ ਵਾਲੇ ਵਿਅਕਤੀਆਂ ਦੀ ਗਿਣਤੀ ਘਟ ਕੇ ਅੱਧੀ ਰਹਿ ਗਈ।

ਉਸ ਸਮੇਂ ਇਹ ਵਿਖਾਈ ਦੇ ਰਿਹਾ ਸੀ ਕਿ ਗੁਰੂ ਘਰ ਵਿਰੋਧੀ ਸ਼ਕਤੀਆਂ ਸਫਲ ਹੋ ਰਹੀਆਂ ਹਨ ਅਤੇ ਸੋਸਾਇਟੀ ਨੇ ਸ੍ਰੀ ਗੁਰੂ ਨਾਨਕ

ਚਰਚਾ

ਸਾਹਿਬ ਜੀ ਲਈ ਜੋ ਨਵਾਂ ਘਰ ਬਨਾਉਣ ਦਾ ਜੋ ਸੁਪਨਾ ਲਿਆ ਸੀ, ਉਹ ਪੂਰਾ ਨਹੀਂ ਹੋ ਸਕੇ ਗਾ।

ਜਨਵਰੀ 1983 ਵਿਚ ਜਦ ਸ੍ਰ.ਲਹੌਰਾ ਸਿੰਘ ਬਰਾੜ ਸੋਸਾਇਟੀ ਦੇ ਨਵੇਂ ਪ੍ਰਧਾਨ ਬਣੇ ਤਾਂ ਉਹਨਾਂ ਦੇ ਸਾਹਮਣੇ ਦੋ ਮੁੱਖ ਸਮੱਸਿਆਵਾਂ ਸਨ:-

ੳ.ਜ਼ਮੀਨ ਦੇ ਸਬੰਧ ਵਿਚ ਭੁਲੇਖਿਆਂ ਨਾਲ ਭਰੇ ਧੁੰਦਲੇ ਵਾਯੂਮੰਡਲ ਨੂੰ ਕਿਸ ਤਰ੍ਹਾਂ ਸਾਫ ਕੀਤਾ ਜਾਏ?

ਅ.ਗੁਰਦੁਆਰਾ ਸਾਹਿਬ ਦੀ ਹਾਜ਼ਰੀ ਕਿਸ ਤਰ੍ਹਾਂ ਪਹਿਲੀ ਪੱਧਰ ਤੇ ਲਿਆਂਦੀ ਜਾਏ ?

ਸ੍ਰ.ਲਹੌਰਾ ਸਿੰਘ ਨੇ ਆਪਣੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਸਲਾਹ ਨਾਲ ਮਾਰਚ ੧੯੮੩ ਵਿਚ Land Deal Enquiry Committee ਦੀ ਸਥਾਪਨਾ ਕੀਤੀ। ਇਸ ਕਮੇਟੀ ਨੇ ਖੋਜ ਕਰ ਜ਼ਮੀਨ ਦੇ ਵਾਦ-ਵਿਸ਼ਿਆਂ ਤੇ ਆਪਣੀ ਰਪੋਰਟ ਦੇਣੀ ਸੀ।

ਮੈਨੀਟੋਬਾ ਤੋਂ ਬਾਹਰ ਬੈਠੇ ਹੋਏ ਵੀਰਾਂ ਨੂੰ ਇਹ ਗਲ ਅਸਚਰਜ-ਜਨਕ ਜਾਪੇਗੀ, ਪਰ ਇਸ ਕਮੇਟੀ ਸਾਹਮਣੇ ਸਭ ਤੋਂ ਵੱਡਾ issue ਇਸ ਗਲ ਤੇ ਆਪਣਾ ਨਿਰਣਾ ਦੇਣਾ ਸੀ ਕਿ ਨਵਾਂ ਗੁਰਦੁਆਰਾ ਬਣਨ ਵਾਲੀ ਥਾਂ ਤੇ ਕੋਈ ਸੜਕ ਹੈ ਕਿ ਨਹੀਂ ? ਕਮੇਟੀ ਦੇ ਮੈਂਬਰ ਇਹ ਸਨ :

1. ਸ. ਜਸਦੇਵ ਸਿੰਘ ਗਰੇਵਾਲ
2. ਸ. ਮਹਿੰਦਰ ਸਿੰਘ ਪੰਨੂ
3. ਸ. ਅਵਤਾਰ ਸਿੰਘ ਬਾਵਾ
4. ਸ. ਹਾਕਮ ਸਿੰਘ ਜੌਹਲ, ਅਤੇ
5. ਸ. ਹਰਬੰਸ ਸਿੰਘ ਰੂਪਰਾ

ਇਹ ਪੰਜੇ ਵਿਅਕਤੀ ਸਿੱਖ ਸੁਸਾਇਟੀ ਦੀ ਸਿਆਸਤ ਤੋਂ ਬੇਲਾਗ ਅਤੇ ਕਮਿਊਨਿਟੀ ਦੇ ਬੜੇ ਸਨਮਾਨਿਤ ਮੈਂਬਰ ਹਨ।

ਹਰ ਪ੍ਰਕਾਰ ਦੇ ਕਾਗਜ਼ ਪੱਤਰਾਂ ਦੀ ਘੋਖ ਕਰ ਇਹਨਾਂ ਮੈਂਬਰਾਂ ਆਪਣੀ ਰਪੋਰਟ ਰਾਹੀਂ ਵਿੰਨੀਪੈਗ ਨਿਵਾਸੀ ਸਿੱਖਾਂ ਨੂੰ ਦੱਸਿਆ ਕਿ ਜ਼ਮੀਨ ਤਾਈਂ ਪੁੱਜਣ ਲਈ 99 ਫੁਟ ਚੌੜੀ ਸੜਕ ਹੈ। ਨਾਲ ਇਹ ਵੀ ਦਸਿਆ ਕਿ ਇਸ ਸੜਕ ਤੋਂ ਬਰਫ ਸਾਫ ਕਰਨ ਅਤੇ ਗਾਰਬੇਜ ਉਠਾਉਣ ਦੀ ਜ਼ਿੰਮੇਵਾਰੀ city ਦੀ ਹੈ।

ਇਹ ਰਪੋਰਟ ਦੇ ਦੋ ਮਹੱਤਵ-ਪੂਰਨ ਸਿੱਟੇ ਨਿਕਲੇ। ਪਹਿਲਾ, ਜ਼ਮੀਨ ਦੇ ਸਬੰਧ ਵਿਚ ਆਮ ਸਿੱਖਾਂ ਦੀ ਪੂਰੀ ਤਸੱਲੀ ਹੋ ਗਈ। ਦੂਜਾ, ਉਹ ਸਵੈ-ਘੜਤ ਆਗੂ ਜੋ ਆਪਣੇ ਭਰਾਵਾਂ ਪ੍ਰਤੀ ਨਵੇਂ ਗੁਰਦੁਆਰਾ ਪਹੁੰਚਣ ਲਈ ਕਿਸ਼ਤੀਆਂ ਖਰੀਦਣ ਦੀ ਚਿੰਤਾ ਖੜੀ ਕਰ ਰਹੇ ਸਨ, ਖੁਦ ਆਪਣੀ ਟੁੱਟੀ ਕਿਸ਼ਤੀ ਹੀ ਕੁਫਰ ਦੀ ਘੁੰਮਣ-ਘੇਰੀ ਵਿਚ ਡੁੱਬਾ ਬੈਠੇ। ਇਹ ਆਗੂ ਸ਼ਰਮਿੰਦਗੀ ਦੀ ਕੌੜੀ ਮੁਦ੍ਰਾ ਪੀ, ਬੇਹੋਸ਼ ਹੋ, ਇਕ ਲੰਮੇ ਸਮੇਂ ਤਾਈਂ, ਚੁੱਪ ਦੀ ਨੀਂਦ ਜਾ ਸੁੱਤੇ।

ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸਾਹਿਬ ਵਿਚ ਸੰਗਤ ਦੀ ਹਾਜ਼ਰੀ ਵਧਾਉਣ ਵਿਚ ਕੀ ਕੀ ਜਤਨ ਕੀਤੇ ਹਨ, ਇਸ ਬਾਰੇ ਮੈਂ ਕੁਝ ਕਹਿਣਾ ਯੋਗ ਨਹੀਂ ਸਮਝਦਾ। ਏਨਾ ਕਹਿਣਾ ਹੀ ਕਾਫੀ ਹੈ ਕਿ ਅਕਾਲ ਪੁਰਖ ਦੀ ਮੇਹਰ ਨਾਲ ਇਸ ਸਮੇਂ ਗੁਰਦੁਆਰੇ ਵਿਚ ਸੰਗਤ ਦੀ ਹਾਜ਼ਰੀ ਨਾ ਕੇਵਲ ਪਹਿਲੀ ਪੱਧਰ ਤੇ ਪੁੱਜ ਗਈ ਹੈ, ਸਗੋਂ ਉਸ ਤੋਂ ਸਵਾਈ ਹੋ ਗਈ ਹੈ।

ਕੁਝ ਦਿਨ ਹੋਏ ਪ੍ਰਬੰਧਕ ਕਮੇਟੀ ਨੇ ਨਵਾਂ ਗੁਰਦੁਆਰਾ ਬਣਾਉਣ ਦੇ ਸਬੰਧ ਵਿਚ ਸੰਗਤ ਤੋਂ ਰਸਮੀ ਪ੍ਰਵਾਨਗੀ ਲੈਣ ਖਾਤਰ ਜਨਰਲ ਬਾਡੀ ਦੀ ਮੀਟਿੰਗ ਬੁਲਾਈ। ਇਸ ਵਿਚ ਸੰਗਤ ਨੇ ਸਰਵ-ਸੰਮਤੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਵਾਂ ਘਰ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ। ਕਿਸੇ ਵਿਅਕਤੀ ਨੇ ਨਵੀਂ ਖਰੀਦੀ ਜ਼ਮੀਨ ਵਿਚ ਗੁਰਦੁਆਰਾ ਬਣਾਉਣ ਦੇ ਵਿਰੁਧ ਇਕ ਅੱਖਰ ਤੱਕ ਨਹੀਂ ਕਿਹਾ।

ਪਿਛਲੇ ਛੇ ਮਹੀਨਿਆਂ ਤੋਂ, ਕੁਝ ਵਿਅਕਤੀ ਚੁਪ ਚਾਪ ਅਤੇ ਬਗੈਰ ਕਿਸੇ ਵਿਖਾਵੇ ਦੇ, ਗੁਰਦੁਆਰਾ ਦੀ ਪਲੈਨਇੰਗ ਅਤੇ ਮੁੱਢਲੀਆਂ ਕ੍ਰਿਆਵਾਂ ਵਿਚ ਮਨੋ ਤਨੋ ਰੁੱਝੇ ਹੋਏ ਹਨ। ਅਸੀਂ ਪੂਰੀ ਆਸ ਰੱਖਦੇ ਹਾਂ ਕਿ ਇਹਨਾਂ ਨਿਸ਼ਕਾਮ ਕਾਮਿਆਂ ਦੇ ਪਰਿਸ਼੍ਰਮ, ਸਮੂਹ ਸੰਗਤ ਦੇ ਸਹਿਯੋਗ ਅਤੇ ਵਾਹਿਗੁਰੂ ਦੀ ਕਿਰਪਾ ਦੇ ਫਲਸਰੂਪ ਇਕ ਸਾਲ ਦੇ ਅੰਦਰ ਅੰਦਰ ਗੁਰੂ ਸਾਹਿਬ ਦਾ ਨਵਾਂ ਗ੍ਰਹਿ ਹੋਂਦ ਵਿਚ ਆ ਜਾਏਗਾ।

ਦੂਜੇ ਪਾਸੇ, ਅਸੀਂ ਗੁਰੂ ਘਰ ਵਿਰੋਧੀਆਂ ਤੋਂ ਪੂਰੀ ਤਰ੍ਹਾਂ ਚੌਕਸ ਹਾਂ। ਇਹ ਵਿਅਕਤੀ ਚੁੱਪ ਕਰਨ ਵਾਲੇ ਤਾਂ ਨਹੀਂ ਹਨ, ਪਰ ਇਹਨਾਂ ਦੀ ਮਜਬੂਰੀ ਹੈ। ਇਸ ਸਮੇਂ ਇਹਨਾਂ ਦੀ ਕੋਈ ਸੁਣਦਾ ਨਹੀਂ ਹੈ। ਆਪਣੀਆਂ ਅਯੋਗ ਕ੍ਰਿਆਵਾਂ ਨਾਲ, ਇਹਨਾਂ ਪੁਰਸ਼ਾਂ ਆਪਣੇ ਆਪ ਨੂੰ ਸੰਗਤ ਦੇ ਸਾਹਮਣੇ ਏਨਾਂ ਨੰਗਾ ਕਰ ਦਿਤਾ ਹੈ, ਕਿ ਨੇੜ ਭਵਿੱਸ਼ ਵਿਚ ਨਾ ਸੰਗਤ ਇਹਨਾਂ ਦੀ ਕੋਈ ਗਲ ਸੁਣੇਗੀ, ਅਤੇ ਨਾ ਇਹ ਗੁਰੂ ਘਰ ਦੇ ਚਲਦੇ ਕਾਰਜ ਵਿਚ ਕੋਈ ਵਿਘਨ ਪਾ ਸਕਣਗੇ।

ਨਵਾਂ ਗੁਰਦੁਆਰਾ ਬਣਨ ਤੇ, ਇਹਨਾਂ ਵਿਅਕਤੀਆਂ ਸਾਹਮਣੇ ਉਥੇ ਪੁੱਜਣ ਵਿਚ ਜੇ ਕੋਈ ਮੁਸ਼ਕਲ ਆਈ, ਤਾਂ ਅਸੀਂ ਇਹਨਾਂ ਵਾਸਤੇ, ਇਕ ਹਾਲੀਕਾਪਟਰ ਜਾਂ ਮੋਟਰ-ਬੋਟ ਦਾ ਪ੍ਰਬੰਧ ਕਰ ਦੇਵਾਂਗੇ।

ਵਤਨੋਂ ਦੂਰ ਦਾ ਦਸਵਾਂ ਸਾਲਾਨਾ ਅੰਕ

ਕੈਨੇਡਾ ਦੇ ਅਗਾਂਹਵਧੂ ਸਾਹਿੱਤਕ ਅਤੇ ਸਭਿਆਚਾਰਕ ਦੋਮਾਸਕ-ਪੱਤਰ 'ਵਤਨੋਂ ਦੂਰ' ਦਾ ਦਸਵਾਂ ਸਾਲਾਨਾ ਅੰਕ (ਜੁਲਾਈ ਅਗਸਤ 1983) ਛਪ ਗਿਆ ਹੈ - ਮਿਥੇ ਸਮੇਂ ਤੋਂ ਇਹ ਕਾਫੀ ਲੇਟ ਪ੍ਰਕਾਸ਼ਤ ਹੋਇਆ ਹੈ — ਇਸ ਦੇਰੀ ਲਈ ਵਤਨੋਂ ਦੂਰ ਦੇ ਮਿਹਨਤਕਸ਼ ਆਪਣੇ ਲੇਖਕਾਂ, ਪਾਠਕਾਂ ਅਤੇ ਸ਼ੁਭਚਿੰਤਕਾਂ ਤੋਂ ਖਿਮਾਂ ਮੰਗਦੇ ਹਨ। ਅੱਸੀ ਸਫੇ ਦਾ ਇਹ ਅੰਕ ਵਤਨੋਂ ਦੂਰ ਦੇ ਪ੍ਰਕਾਸ਼ਤ ਹੋਏ ਹੁਣ ਤੱਕ ਦੇ ਕਿਸੇ ਵੀ ਅੰਕ ਤੋਂ ਆਕਾਰ ਵਿਚ ਵੱਡਾ ਹੈ। ਇਸ ਅੰਕ ਵਿਚ ਸ਼ਾਮਲ ਰਚਨਾਵਾਂ ਦਾ ਵੇਰਵਾ ਇਸ ਪਰਕਾਰ ਹੈ:-

● ਕਹਾਣੀਆਂ : ਕੇਸਰ ਸਿੰਘ ਨਾਵਲਿਸਟ, ਬਲਬੀਰ ਸਿੰਘ ਮੋਮੀ, ਅਮਰਜੀਤ ਚਾਹਲ, ਹਰੀਪਾਲ, ਮੱਖਣ ਟੁੱਟ, ਦੇਵਿੰਦਰ ਸੇਖੋਂ , ਤੇਜ ਸੰਧੂ "ਸਮਾਧਵੀ", ਦੇਵ ਜਟਾਣਾ।

● ਕਵਿਤਾਵਾਂ :- ਗੁਰਚਰਨ ਰਾਮਪੁਰੀ, ਰਵਿੰਦਰ ਰਵੀ, ਸੁਰਿੰਦਰ ਧੰਜਲ,ਸਾਧੂ, ਇਕਬਾਲ ਰਾਮੂਵਾਲੀਆ, ਸੁਖਿੰਦਰ, 'ਸੂਫੀ' ਅਮਰਜੀਤ, ਦਰਸ਼ਨ ਗਿੱਲ, ਮਿੱਤਰ ਰਾਸ਼ਾ, ਹਰਦੇਵ ਸਿੰਘ, ਕਸ਼ਮੀਰਾ ਸਿੰਘ ਚਮਨ, ਜਗਦੇਵ ਜਟਾਣਾ, ਜੋਗਿੰਦਰ ਚੀਮਾਂ,ਜਰਨੈਲ ਸਿੰਘ, ਚਰਨ ਸਿੰਘ, ਜਸਵੰਤ ਮਾਂਗਟ,ਦਲਜਿੰਦਰ, ਸਟੀਫਨ ਗਿੱਲ, ਰਜਿੰਦਰ, ਮਹਿੰਦਰ ਸੂਮਲ, ਤ੍ਰਲੋਚਨ ਸਿੰਘ ਗਿੱਲ, ਨਰਿੰਦਰ ਜੌਹਲ, ਹਰਜਿੰਦਰ ਚੀਮਾਂ, ਹਰਦੇਵ ਵਿਰਕ, ਤੇਜੀ ਨਿੱਜਰ।

ਉਪਰੋਕਤ ਕਵੀਆਂ ਦੀ ਇਕ ਇਕ ਕਵਿਤਾ ਤੋਂ ਬਿਨਾਂ ਇਸ ਅੰਕ ਵਿਚ ਟੋਰਾਂਟੋ ਵਿਚ ਵਸਦੀ ਪੱਛਮੀਂ ਪੰਜਾਬ ਦੀ ਲੇਖਕ ਜੋੜੀ ਨੁਜ਼ਹੱਤ ਸਦੀਕੀ ਅਤੇ ਸਲੀਮ ਸਦੀਕੀ ਦੀਆਂ ਕਰਮਵਾਰ ਤਿੰਨ ਅਤੇ ਦੋ ਕਵਿਤਾਵਾਂ ਸ਼ਾਮਲ ਹਨ ਜਿਨ੍ਹਾਂ ਦਾ ਲਿੱਪੀ ਰੂਪਾਂਤਰ ਸੁਖਿੰਦਰ ਨੇ ਕੀਤਾ ਹੈ।

● ਵਾਰਤਕ: — ਦੂਰੋਂ ਨੇੜਿਓਂ (ਸਥਾਈ ਕਾਲਮ)/ਬੀ.ਸੀ. ਸਰਕਾਰ ਦਾ ਨਵਾਂ ਬਜੱਟ - ਸਾਧੂ — ਸਾਹਿਤਕ ਖਬਰਸਾਰ (ਸਥਾਈ ਕਾਲਮ) ਸਾਧੂ ਤੇ ਸੁਰਿੰਦਰ ਧੰਜਲ — ਜਾਂਗਲੀ ਹੇਕ (ਕਰਤਾਰ ਸਿੰਘ ਸ਼ਮਸ਼ੇਰ ਦੀ ਯਾਦ ਵਿਚ) ਨਵਤੇਜ ਭਾਰਤੀ — ਪੰਜਾਬੀ ਲੇਖਕ, ਕ੍ਰਾਂਤੀ ਅਤੇ ਨਿੱਜਵਾਦ/ਸੁਖਿੰਦਰ — ਜਸਵੰਤ ਸਿੰਘ ਕੰਵਲ ਦੇ ਨਾਉਂ ਖੁਲ੍ਹੀ ਚਿੱਠੀ - ਹਰਿੰਦਰ ਮਾਹਲ।

ਕੈਨੇਡਾ ਦੇ ਲੇਖਕਾਂ ਦੀਆਂ ਉਪਰੋਕਤ ਰਚਨਾਵਾਂ ਤੋਂ ਬਿਨਾਂ ਇਸ ਅੰਕ ਵਿਚ ਪੰਜ ਹੋਰ ਦੇਸ਼ਾਂ ਦੇ ਲੇਖਕਾਂ ਦੀਆਂ ਰਚਨਾਵਾਂ ਵੀ ਸ਼ਾਮਲ ਹਨ:

●ਕਵਿਤਾਵਾਂ :— ਡਾ: ਗੁਰੂਮੇਲ, ਹਰਮਿੰਦਰ(ਅਮਰੀਕਾ), ਜਗਤਾਰ ਢਾਅ, ਸੰਤੋਖ ਸਿੰਘ ਸੰਤੋਖ(ਇੰਗਲੈਂਡ), ਸੰਤ ਰਾਮ ਉਦਾਸੀ, ਸੁਰਜੀਤ ਬਰਾੜ(ਹਿੰਦੁਸਤਾਨ), ਸੁੱਚਾ ਸਿੰਘ ਨਰ(ਵੈੱਸਟ ਜਰਮਨੀ) ਅਤੇ ਬਲਬੀਰ ਸਿੰਘ (ਬਰਮਾ)

●ਵਤਨ ਦੀ ਵਾਅ : ਇਸ ਸਥਾਈ ਕਾਲਮ ਵਿਚ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦੇ ਕੈਨੇਡਾ-ਫੇਰੀ ਬਾਰੇ ਪ੍ਰਭਾਵ ਦਰਜ ਹਨ ਜੋ ਉਨ੍ਹਾਂ ਦੇ ਪਰਚੇ ਸਮਤਾ ਦੇ ਜੁਲਾਈ/ਅਗਸਤ 83 ਦੇ ਅੰਕਾਂ ਵਿਚੋਂ ਲਏ ਗਏ ਹਨ। ਅੱਠ ਸਫੇ ਦੀ ਇਸ ਰਚਨਾ ਵਿਚ ਹਿੰਦੋਸਤਾਨ(ਖਾਸ ਕਰਕੇ ਪੰਜਾਬ) ਦੀ ਅਜੋਕੀ ਸਥਿਤੀ ਦੇ ਨਾਲ ਨਾਲ ਕੈਨੇਡਾ ਦੇ ਸਾਹਿਤਕ, ਸੱਭਿਆਚਾਰਕ, ਸਮਾਜਕ, ਰਾਜਨੀਤਕ ਅਤੇ ਪੱਤਰਕਾਰਕ ਹਲਕਿਆਂ ਬਾਰੇ ਵੀ ਕਈ ਮਹੱਤਵਪੂਰਨ ਟਿੱਪਣੀਆਂ ਦਰਜ ਹਨ।

●ਦਰਪਣ : ਇਸ ਸਥਾਈ ਕਾਲਮ ਵਿਚ ਕੈਨੇਡਾ, ਅਮਰੀਕਾ, ਇੰਗਲੈਂਡ, ਵੈੱਸਟ ਜਰਮਨੀ ਅਤੇ ਹਿੰਦੁਸਤਾਨ ਦੇ 34 ਲੇਖਕਾਂ/ਪਾਠਕਾਂ ਦੇ ਵਤਨੋਂ ਦੂਰ ਨੇ ਭੇਜੇ ਸੁਨੇਹਿਆਂ ਵਿਚ ਕਈ ਦਿਲਚਸਪ ਅਤੇ ਵਾਦ-ਵਿਵਾਦੀ ਨੁਕਤੇ ਸ਼ਾਮਲ ਹਨ।

●ਮੁੱਖ-ਚਿੱਤਰ : ਇਸ ਵਾਰ ਦਾ ਮੁੱਖ-ਚਿੱਤਰ ਵੈੱਸਟ ਜਰਮਨੀ ਦੇ ਪ੍ਰਸਿੱਧ ਕਲਾਕਾਰ ਹਰਜੀਤ ਕੁਲਾਰ ਦੀ ਕਲਾ ਕਿਰਤ ਹੈ। ਚਿੱਤਰ ਵਿੱਚ ਇਕ ਵਿਸ਼ੇਸ਼ ਕਿਸਮ ਦੀ ਡੂੰਘਾਈ ਅਤੇ ਉਦਾਸੀ ਦਾ ਪ੍ਰਭਾਵ ਹੈ ਜੋ ਵਤਨ ਦੀਆਂ ਸਮੱਸਿਆਵਾਂ ਅਤੇ ਸਥਿਤੀਆਂ ਨੂੰ ਦੂਰੀ/ਵਿੱਥ ਤੋਂ ਦੇਖਕੇ ਮਹਿਸੂਸ ਹੁੰਦੀ ਹੈ।

ਵਤਨੋਂ ਦੂਰ ਜੁਲਾਈ 1973 ਵਿੱਚ ਗ੍ਰੇਟਰ ਵੈਨਕੂਵਰ 'ਚੋਂ ਇਕ ਮਾਸਕ-ਪੱਤਰ ਦੇ ਰੂਪ ਵਿਚ ਪ੍ਰਕਾਸ਼ਤ ਹੋਣਾ ਆਰੰਭ ਹੋਇਆ ਸੀ। ਪ੍ਰਬੰਧਕੀ ਮੁਸ਼ਕਲਾਂ ਕਾਰਣ 1976 ਤੋਂ 1979 ਦੇ ਦੌਰਾਨ ਇਸਦੇ 11 ਅੰਕ ਮਾਸਕ ਦੀ ਥਾਂ ਦੋ ਦੋ ਮਹੀਨਿਆਂ ਦੇ ਇਕੱਠੇ ਅੰਕਾਂ ਦੇ ਤੌਰ ਤੇ ਪ੍ਰਕਾਸ਼ਤ ਹੋਏ ਅਤੇ ਜਨਵਰੀ 1980 ਤੋਂ ਇਸਦੇ ਬਾਕਾਇਦਾ ਦੋ ਮਾਸਕ-ਪੱਤਰ ਹੋਣ ਦਾ ਐਲਾਨ ਕਰ ਦਿੱਤਾ ਗਿਆ। ਜਨਵਰੀ 1983 ਤੋਂ ਪਰਚਾ ਅਲਬਰਟਾ ਵਿੱਚ ਛਪਣਾ ਅਤੇ ਵੈਨਕੂਵਰ(ਬੀ. ਸੀ.) ਤੇ ਐਡਮੰਟਨ(ਅਲਬਰਟਾ) ਵਿੱਚੋਂ ਇੱਕੋ ਸਮੇਂ ਪ੍ਰਕਾਸ਼ਤ ਹੋਣਾ ਸ਼ੁਰੂ ਹੋ ਗਿਆ ਹੈ। ਸ਼ੁਰੂ ਸ਼ੁਰੂ ਵਿਚ ਕੈਨੇਡਾ ਵਿਚ ਮੌਲਿਕ ਲਿਖਤਾਂ ਦੀ ਘਾਟ ਕਾਰਨ ਅਤੇ ਕੈਨੇਡਾ ਦੇ ਲੇਖਕਾਂ ਸਾਹਮਣੇ ਇੱਕ ਵਿਸ਼ੇਸ਼ ਸੇਧ ਸਥਾਪਤ ਕਰਨ ਦੇ ਮੰਤਵ ਨਾਲ ਇਸ ਵਿੱਚ ਬਹੁਤ ਸਾਰੀਆਂ ਰਚਨਾਵਾਂ ਹੋਰਨਾਂ ਪਰਚਿਆਂ ਅਤੇ ਪੁਸਤਕਾਂ ਵਿਚੋਂ ਵੀ ਛਾਪਣੀਆਂ ਪੈਂਦੀਆਂ ਸਨ। ਅੱਜ ਕੱਲ ਇਸ ਵਿਚ ਮੌਲਿਕ ਰਚਨਾਵਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਅਤੇ ਹੋਰਨਾਂ ਸੋਮਿਆਂ ਤੋਂ ਕੇਵਲ ਵਿਸ਼ੇਸ਼ ਮਹੱਤਵ ਵਾਲਾ ਮੈਟਰ ਹੀ ਮੁੜ ਛਾਪਿਆ ਜਾਂਦਾ ਹੈ। ਦਸਵੇਂ ਸਾਲਾਨਾ ਅੰਕ ਵਿਚ 'ਵਤਨ ਦੀ ਵਾਅ' ਤੋਂ ਬਿਨਾਂ ਬਾਕੀ ਸਭ ਰਚਨਾਵਾਂ ਲੇਖਕਾਂ ਵਲੋਂ ਸਿੱਧੀਆਂ ਵਤਨੋਂ ਦੂਰ ਨੂੰ ਭੇਜੀਆਂ ਗਈਆਂ। ਕੈਨੇਡਾ ਵਿਚ ਏਨੇ ਮੌਲਿਕ

ਸਾਹਿੱਤ ਦਾ ਰਚੇ ਜਾਣਾ ਅਤੇ ਪ੍ਰਕਾਸ਼ਤ ਹੋਣਾ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਉਮੀਦ ਕਰਦੇ ਹਾਂ ਕਿ ਸਾਡੇ ਲੇਖਕ/ਪਾਠਕ ਲੋਕ-ਵਿਰੋਧੀ, ਚਿੱਕੜਬਾਜ਼ੀ, ਫਿਰਕਾਪ੍ਰਸਤੀ ਅਤੇ ਲੱਚਰਵਾਦ ਵਰਗੀਆਂ ਕਰੁਚੀਆਂ ਤੋਂ ਪ੍ਰਹੇਜ਼ ਕਰਦੇ ਹੋਏ ਲੋਕ-ਹਿਤੂ, ਅਗਾਂਹਵਧੂ, ਉਸਾਰੂ, ਸਿਹਤਮੰਦ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਹਮਦਰਦ ਵਿਸ਼ਲੇਸ਼ਣ ਕਰਨ ਵਾਲੀਆਂ ਰਚਨਾਵਾਂ ਦੀ ਸਿਰਜਣਾ ਨਾਲ ਸਮੁੱਚੇ ਪੰਜਾਬੀ ਸਾਹਿਤ ਅਤੇ 'ਵਤਨੋਂ ਦੂਰ' ਦਾ ਘੇਰਾ ਵਿਸ਼ਾਲ ਕਰਦੇ ਰਹਿਣਗੇ !

—ਅਦਾਰਾ 'ਵਤਨੋਂ ਦੂਰ'


ਸੰਸਾਰ ਦਰਪਣ

ਇੰਗਲੈਂਡ ਦੇ ਟੋਰੀ ਮਨਿਸਟਰ ਨੇ ਆਪਣੀ ਸੈਕਟਰੀ ਗਰਭਵਤੀ ਕਰ ਦਿੱਤੀ—ਕਰਤੂਤ ਕਰਨ ਤੇ ਵੀ ਥੈਚਰ ਵਲੋਂ ਖੁਲ੍ਹੀ ਛੁੱਟੀ

ਲੰਡਨ—ਬਰਤਾਨੀਆਂ ਵਿਚ ਰਾਜ ਕਰ ਰਹੀ ਟੋਰੀ ਪਾਰਟੀ ਦੇ ਸੈਸਲ ਪਾਰਕਿਨਸਨ ਨੂੰ ਉਸਦੇ ਆਪਦੇ ਪਾਰਟੀ ਮੈਂਬਰਾਂ ਨੇ ਹੀ ਅਸਤੀਫਾ ਦੇਣ ਤੋਂ ਵਰਜ ਦਿੱਤਾ ਹੈ। ਕੁਝ ਮੈਂਬਰਾਂ ਵਲੋਂ ਪਾਰਕਿਨਸਨ ਤੋਂ ਅਸਤੀਫਾ ਮੰਗਿਆ ਗਿਆ ਸੀ ਕਿ ਉਸ ਨੇ ਤਿੰਨ ਬੱਚਿਆਂ ਅਤੇ ਬੀਵੀ ਹੋਣ ਦੇ ਬਾਵਜੂਦ ਆਪਣੀ ਸਕੱਤਰ ਨੂੰ ਗਰਭਵਤੀ ਕਰ ਦਿੱਤਾ ਹੈ। ਅਤੇ ਉਹ ਛੇਤੀ ਹੀ ਬੱਚੇ ਦੀ ਮਾਂ ਬਣਨ ਵਾਲੀ ਹੈ। ਪਾਰਕਿਨਸਨ ਨੇ ਪੱਤਰਕਾਰਾਂ ਸਾਹਮਣੇ ਆਪ ਇਕਬਾਲ ਕੀਤਾ ਸੀ ਕਿ ਉਸਦੀ ਸੈਕਟਰੀ ਗਰਭਵਤੀ ਹੈ ਅਤੇ ਉਸਦੇ ਪੇਟ ਵਿਚ ਉਸਦਾ ਹੀ ਬੱਚਾ ਹੈ। ਸੈਸਲ ਪਾਰਕਿਨਸਨ ਮਾਰਗਰੇਟ ਥੈਚਰ ਦੀ ਕੈਬਨਿਟ ਵਿਚ ਟਰੇਡ ਸਕੱਤਰ ਹਨ। ਮਾਰਗਰੇਟ ਥੈਚਰ ਨੇ ਬਲੈਕ ਪੂਲ ਵਿਚ ਹੋ ਰਹੀ ਟੋਰੀ ਕਨਵੈਨਸ਼ਨ ਵਿਚ ਪਾਰਕਿਨਸਨ ਦੀ ਖੁਲ੍ਹੇ ਤੌਰ ਤੇ ਮਦਦ ਕੀਤੀ। ਪਰਕਿਨਸਨ ਟੋਰੀ ਪਾਰਟੀ ਦੇ ਪਿਛਲੇ ਚੇਅਰਮੈਨ ਹਨ। ਦੂਜੇ ਪਾਸੇ ਟੋਰੀ ਕਨਵੈਨਸ਼ਨ ਨੇ ਅਜਿਹਾ ਕਾਨੂੰਨ ਪਾਸ ਕਰਨ ਦੀ ਮੰਗ ਮੰਨ ਲਈ ਹੈ। ਜਿਸ ਨਾਲ ਨਜਾਇਜ਼ ਹਥਿਆਰ ਰੱਖਣ ਵਾਲੇ ਨੂੰ ਉਮਰ ਕੈਦ ਕੀਤੀ ਜਾ ਸਕੇਗੀ। ਅਤੇ ਪੰਜ ਸਾਲ ਤੋਂ ਵੱਧ ਕੈਦ ਕੱਟਣ ਵਾਲੇ ਨੂੰ ਪੈਰੋਲ ਤੇ ਰਿਹਾ ਨਹੀਂ ਕੀਤਾ ਜਾਵੇਗਾ।

ਪਾਰਕਿਨਸਨ ਦੀ ਸਕੱਤਰ ਛੱਤੀ ਸਾਲ ਦੀ ਹੈ ਅਤੇ ਬੱਚਾ ਜਨਵਰੀ ਵਿਚ ਹੋਣ ਦੀ ਆਸ ਕੀਤੀ ਜਾਂਦੀ ਹੈ।

ਜਿਸ ਦੇ ਆਂਡਿਆਂ ਚੋਂ ਜ਼ਹਿਰੀ ਨਾਗ ਨਿਕਲਦੇ ਹਨ।



ਰੰਗੂਨ ਵਿਚ ਬੰਬ ਧਮਾਕਾ — ਦੱਖਣੀ ਕੋਰੀਆ ਦੇ ਪ੍ਰਧਾਨ ਬਚ ਗਏ

ਰੰਗੂਨ (ਬਰਮਾ) — 8 ਅਕਤੂਬਰ 83 ਨੂੰ ਜਦੋਂ ਦੱਖਣੀ ਕੋਰੀਆ ਦੇ ਪ੍ਰਧਾਨ ਸ੍ਰੀ ਚੁੰਨ 6 ਏਸ਼ੀਆਈ ਦੇਸਾਂ ਦੇ ਸਰਕਾਰੀ ਦੌਰੇ ਤੇ ਦੌਰੇ ਦੇ ਪਹਿਲੇ ਚਰਨ ਤੇ ਰੰਗੂਨ ਵਿਚ ਬਰਮਾ ਦੇ ਰਾਸ਼ਟਰੀ ਕਬਰਸਤਾਨ ਵਿਚ ਗਏ ਤਾਂ ਇਕ ਟਾਈਮ ਬੰਬ ਫਟਿਆ। ਅਤੇ 19 ਵਿਅਕਤੀ ਮਾਰੇ ਗਏ। ਪ੍ਰਧਾਨ ਚੁੰਨ ਅਤੇ ਉਨਾਂ ਦੀ ਪਤਨੀ ਤਾ ਇਸ ਬੰਬ ਦੁਰਘਟਣਾ ਤੋਂ ਬਾਲ ਬਾਲ ਕਚ ਗਏ ਪਰ ਇਹਨਾਂ ਦੇ ਨਾਲ ਆਏ ਦੱਖਣੀ ਕੋਰੀਆ ਦੀ ਸਰਕਾਰ ਦੇ ਚਾਰ ਮੰਤਰੀ ਅਤੇ ਇਕ ਉਚ ਸੈਨਿਕ ਅਧਿਕਾਰੀ ਮਾਰੇ ਗਏ। ਦੱਖਣੀ ਕੋਰੀਆ ਵਲੋਂ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਇਹਬੰਬ ਵਿਸਫੋਟ ਉਤਰੀ ਕੋਰੀਆ ਦੇ ਕਮਿਊਨਿਸਟਾਂ ਵਲੋਂ ਕੀਤਾ ਗਿਆ ਹੈ। ਦੱਖਣੀ ਕੋਰੀਆ ਵਿਚ ਹਜਾਰਾਂ ਦੀ ਗਿਣਤੀ ਵਿਚ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਫੌਜ ਅਤੇ ਪੁਲੀਸ ਨੂੰ ਚੁਕੰਨਾ ਕਰ ਦਿਤਾ ਗਿਆ ਹੈ। ਉਤਰੀ ਕੋਰੀਆ ਨਾਲ ਲਗਦੀ ਸਰਹਦੀ ਚੌਕੀਆਂ ਨੂੰ ਹੋਰ ਮਜਬੂਤ ਕਰ ਦਿਤਾ ਗਿਆ ਹੈ। ਅਮਰੀਕਾ ਦੀ ਸਹਾਈ ਹਵਾਈ ਸੈਨਾ ਨੂੰ ਵੀ ਹੋਸ਼ਿਆਰ ਕਰ ਦਿਤਾ ਗਿਆ ਹੈ। 6 ਏਸ਼ੀਆਈ ਦੇਸ਼ਾਂ ਦੇ ਦੌਰੇ ਨੂੰ ਇਥੇ ਹੀ ਸਥਾਪਤ ਕਰ ਦਿਤਾ ਗਿਆ ਹੈ ਅਤੇ ਪ੍ਰਧਾਨ ਚੁੰਨ ਵਾਪਸ ਸਿਓਲ ਪਹੁੰਚ ਗਏ ਹਨ। ਦਖੱਣੀ ਕੋਰੀਆ ਦਾ ਇਕ ਵਿਸ਼ੇਸ਼ ਹਵਾਈ ਜਹਾਜ਼ ਲਾਸ਼ਾਂ ਨੂੰ ਦੇਸ਼ ਲੈ ਕੇ ਜਾਣ ਲਈ ਰੰਗੂਨ ਪੁਜਿਆ। ਦੇਸ਼ ਵਿਚ ਹਰ ਥਾਂ ਸੋਗ ਸਭਾਵਾਂ ਕੀਤੀਆਂ ਜਾ ਰਹੀਆਂ ਹਨ ਅਤੇ ਰਾਸ਼ਟਰੀ ਝੰਡੇ ਨੀਂਵੇਂ ਕਰ ਦਿਤੇ ਗਏ ਹਨ। ਇਸ ਬੰਬ ਵਿਸਫੋਟ ਵਿਚ ਜਖਮੀ ਹੋਣ ਵਾਲਿਆਂ ਦੀ ਗਿਣਤੀ 48 ਦੱਸੀ ਜਾਂਦੀ ਹੈ। ਬਰਮਾ ਵਿਚ ਰੰਗੂਨ ਦੇ ਹਸਪਤਾਨਾਂ ਵਿਚ ਜਖਮੀਆਂ ਦਾ ਇਲਾਜ ਹੋ ਰਿਹਾ ਹੈ।

ਫੈਸਲਾਬਾਦ ਵਿਚ ਜਿਆ ਹਕੂਮਤ ਵਲੋਂ ਲਾਠੀਚਾਰਜ

ਇਸਲਾਮਾਬਾਦ — ਲੋਕਤੰਤਰ ਬਹਾਲੀ ਲਈ ਅਤੇ ਸ਼;ੀ ਜਿਆ ਦੀ ਫੌਜੀ ਸਰਕਾਰ ਵਿਰੁਧ ਵਿਖਾਵੇ ਅਤੇ ਪ੍ਰਦਰਸ਼ਨੀਆਂ ਪਾਕਿਸਤਾਨ ਵਿਚ ਜ਼ੋਰ ਫੜ ਗਈਆਂ ਹਨ। ਕੁਝ ਵਿਖਾਵਾਕਾਰੀ ਜੋ ਆਪਣੇ ਆਪ ਨੂੰ ਗ੍ਰਿਫਤਾਰੀ ਦੇਣ ਲਈ ਪੇਸ਼ ਕਰਨ ਵਾਲੇ ਸਨ ਉਨ੍ਹਾਂ ਨੂੰ ਦੇਖਣ ਲਈ 15000 ਲੋਕ ਇਕੱਠੇ ਹੋ ਗਏ। ਛੇ ਪ੍ਰਦਰਸ਼ਨ ਕਾਰੀ ਗ੍ਰਿਫਤਾਰ ਕੀਤੇ ਗਏ। ਜਿਨਾਂ ਪ੍ਰਦਰਸ਼ਨਕਾਰੀਆਂ ਨੇ ਦੁਕਾਨਾਂ ਤੇ ਪਥਰਾਓ ਕੀਤਾ ਤੇ ਤੇਲ ਆਦਿ ਦੇ ਟਰੱਕਾਂ ਨੂੰ ਅੱਗ ਲਾਈ ਉਨਾਂ ਨੂੰ ਤਿਤਰ ਬਿਤਰ ਕਰਨ ਲਈ ਪੁਲਸ ਨੇ ਲਾਲੀਆਂ ਚਲਾਈਆਂ। ਇਸਲਾਮਾਬਾਦ ਦੀਆਂ ਖਬਰਾਂ ਅਨੁਸਾਰ 86 ਵਕੀਲਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਜੋ ਜਿਆ ਸਰਕਾਰ ਵਿਰੁਧ ਵਿਖਾਵਾ ਕਰ ਰਹੇ ਸਨ।

ਲੰਡਨ ਵਿਚ ਅਕਾਲੀਆਂ ਵਲੋਂ ਮੁਜ਼ਾਹਰਾ

ਲੰਡਨ—ਲੰਡਨ ਦੇ ਸਾਊਥਾਲ ਬਰਾਂਚ ਦੇ ਅਕਾਲੀਆਂ ਨੇ ਭਾਰਤੀ ਦੂਤਾਵਾਸ ਦੇ ਸਾਹਮਣੇ 3 ਅਕਤੂਬਰ ਨੂੰ ਮੁਜ਼ਾਹਰਾ ਕੀਤਾ। ਉਸ ਸਮੇਂ ਸ੍ਰੀਮਤੀ ਇੰਦਰਾ ਗਾਂਧਂ ਭਾਰਤ ਵਾਪਸੀ ਤੇ ਇਕ ਦਿਨ ਲੰਡਨ ਠਹਿਰੀ ਸੀ। ਉਹ ਮੰਗ ਕਰ ਰਹੇ ਸਨ ਕਿ ਪੰਜਾਬ ਵਿਚ ਨਿਹੱਥੇ ਲੋਕਾਂ ਦਾ ਕਤਲ ਬੰਦ ਕੀਤਾ ਜਾਏ ਤੇ ਸਿੱਖਾਂ ਦੀਆਂ ਮੰਗਾਂ ਮੰਨੀਆਂ ਜਾਣ। ਕਿਸੇ ਅਣਸੁਖਾਵੀਂ ਘਟਨਾ ਦੀ ਖਬਰ ਨਹੀਂ ਹੈ ਪਰ ਲੰਡਨ ਪੁਲਸ ਵੱਡੀ ਗਿਣਤੀ ਵਿਚ ਮੁਜ਼ਾਹਰਾਕਾਰੀਆਂ ਦੇ ਅੱਗੇ ਪਿੱਛੇ ਸੀ।

ਸਿੰਧ ਦੀ ਅੱਗ ਦੇ ਭਾਂਬੜ ਬਲੋਚਿਸਤਾਨ ਵਿਚ

ਸਰਕਾਰ ਵਲੋਂ ਕਰਵਾਈ ਜਾ ਰਹੀ ਚੋਣਾਂ ਕਾਰਨ ਸਿੰਧ ਪ੍ਰਾਂਤ ਵਿਚ ਜੋ ਅੱਗ ਲੱਗੀ ਹੋਈ ਸੀ ਉਸ ਦੇ ਭਾਂਬੜ ਹੁਣ ਗੁਆਂਢੀ ਪ੍ਰਾਂਤ ਬਲੋਚਿਸਤਾਨ ਵਿਚ ਵੀ ਪਹੁੰਚ ਗਏ। ਸਰਕਾਰ ਵਿਰੋਧੀ ਵਿਖਾਵਿਆਂ ਦੀ ਲਹਿਰ ਹੁਣ ਬਲੋਚਿਸਤਾਨ ਵਿਚ ਫੈਲ ਗਈ ਹੈ। ਪੁਲੀਸ ਨਾਲ ਹੋਈ ਮੁਠ ਭੇੜ ਵਿਚ ਇਕ ਬੰਦੇ ਦੀ ਮੌਤ ਹੋ ਗਈ ਹੈ। ਇਹ ਘਟਣਾ ਉਦੋਂ ਵਾਪਰੀ ਜਦ ਵੱਡੀ ਮਸਜਦ ਵਿਚ ਇਕਠੀ ਭੀੜ ਨੂੰ ਤਿਤਰ ਬਿਤਰ ਕਰਨ ਲਈ ਪੁਲੀਸ ਵਲੋਂ ਲਾਠੀਚਾਰਜ ਕੀਤਾ ਗਿਆ।

ਅਕੀਨੋ ਦੀ ਹੱਤਿਆ ਦੀ ਜਾਂਚ ਦੋਬਾਰਾ ਹੋਵੇਗੀ।

ਫਿਲੇਪੀਨ ਵਿਚ ਬਨੀਨੋਂਹ ਅਕੀਨੋ ਦੀ ਪਿਛਲੇ ਮਹੀਨੇ ਹੋਈ ਹੱਤਿਆ ਦੀ ਜਾਂਚ ਕਰ ਰਹੇ ਕਮਿਸ਼ਨ ਦੇ ਮੈਂਬਰਾਂ ਨੇ ਅਸਤੀਫਾ ਦੇ ਦਿਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਹ ਇਸ ਲਈ ਅਸਤੀਫਾ ਦੇ ਰਹੇ ਹਨ ਕਿ ਇਕ ਨਵੇਂ ਅਤੇ ਲੋਕ ਪ੍ਰਿਆ ਕਮਿਸ਼ਨ ਨੂੰ ਸਥਾਪਤ ਕਰਨ ਦਾ ਰਸਤਾ ਸਾਫ ਹੋ ਜਾਵੇ। ਕਮਿਸ਼ਨ ਦੇ ਨਵੇਂ ਚੁਣੇ ਗਏ ਮੁਖੀ ਨੇ ਕਿਹਾ ਹੈ ਕਿ ਉਹ ਪੁਰਾਣੇ ਮੈਂਬਰਾਂ ਨਾਲ ਰਲ ਕੇ ਕੰਮ ਨਹੀਂ ਕਰ ਸਕਣਗੇ ਕਿਉਂਕਿ ਇਹ ਮੈਂਬਰ ਪ੍ਰਧਾਨ ਮਾਰਕੋਸ ਦੇ ਨਿਕਟਵਰਤੀ ਰਹਿ ਚੁੱਕੇ ਹਨ।

ਪਾਕਿਸਤਾਨ ਨੂੰ ਹਲੂਣੇ

ਇਸਲਾਬਾਦ — ਪਾਕਿਸਤਾਨ ਨੇ ਕਿਹਾ ਹੈ ਕਿ ਅਫਗਾਨਿਸਤਾਨ ਦੇ ਛੇ ਜੰਗੀ ਹਵਾਈ ਜਹਾਜ਼ਾਂ ਨੇ ਵਾਨਾਂ ਦੇ ਇਲਾਕੇ ਵਿਚ ਨੀਵੀਆਂ ਉਡਾਣਾ ਕਰਕੇ ਪਾਕਿਸਤਾਨ ਦੇ ਪਿੰਡਾਂ ਤੇ ਗੋਲੀ ਬਾਰੀ ਕੀਤੀ ਹੈ ਜਿਸ ਦਾ ਫਲ ਸਰੂਪ ਤਿੰਨ ਔਰਤਾਂ ਮਾਰੀਆਂ ਗਈਆਂ ਹਨ ਅਤੇ ਤਿੰਨ ਹੋਰ ਵਿਅਕਤੀ ਜਖਮੀ ਹੋ ਗਏ ਹਨ। ਪਾਕਿਸਤਾਨ ਨੇ ਇਸ ਤੇ ਕਰੜੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਇਸ ਹਮਲੇ ਨੂੰ ਛੇ ਹਫਤਿਆਂ ਵਿਚ ਇਹ ਦੂਸਰਾ ਹਮਲਾ ਦਸਿਆ ਗਿਆ ਹੈ। ਕਰਾਚੀ ਰੇਡੀਓ ਅਨੁਸਾਰ ਅਫਗਾਨਿਸਤਾਨ ਦੇ ਰਾਜਦੂਤ ਨੂੰ ਇਸਲਾਮਾਬਾਦ ਸੱਦ ਕੇ ਇਹ ਰੋਸ ਪੱਤਰ ਦਿਤਾ ਗਿਆ ਹੈ। ਉਸਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਕਾਬਲ ਦੇ ਉਚ ਅਧਿਕਾਰੀਆਂ ਨੂੰ ਇਹ ਦੱਸ ਦੇਣ ਕਿ ਭਵਿਸ਼ ਵਿਚ ਇਹ ਕਾਰਵਾਈਆਂ ਨਹੀਂ ਹੋਣੀਆਂ ਚਾਹੀਦੀਆਂ।

ਤਿਬੱਤੀਆਂ ਨੂੰ ਫਾਂਸੀ

ਚੀਨ ਨੇ ਇਸ ਗੱਲ ਨੂੰ ਸਵੀਕਾਰ ਕਰ ਲਿਆ ਹੈ ਕਿ ਪਿਛਲੇ ਦਿਨੀਂ ਤਿਬੱਤ ਵਿਚ ਕੁਝ ਵਿਅਕਤੀਆਂ ਨੂੰ ਫਾਂਸੀ ਦਿਤੀ ਗਈ ਹੈ ਪਰ ਇਹ ਲੋਕ ਰਾਜਨੀਤਕ ਨਹੀਂ ਸਨ ਸਗੋਂ ਅਪਰਾਧੀ ਸਨ। ਇਨ੍ਹਾਂ ਉਤੇ ਚੋਰੀਆਂ ਅਤੇ ਬਲਾਤਾਕਾਰਾਂ ਦੇ ਦੋਸ਼ ਸਨ। ਤਿੱਬਤੀ ਨੇਤਾ ਸ੍ਰੀ ਦਲਾਈ ਲਾਮਾ ਦੇ ਪੱਖੀਆਂ ਨੇ ਕਿਹਾ ਸੀ ਕਿ ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ ਹੈ ਉਹ ਚੀਨ ਵਿਰੋਧੀ ਧੜੇ ਦੇ ਬੰਦੇ ਸਨ।

ਚੀਨੀ ਬਿਦੇਸ਼ੀ ਮੰਤਰੀ ਵਾਸ਼ਿੰਗਟਨ ਵਿਚ

ਵਾਸ਼ਿੰਗਟਨ—ਚੀਨ ਦਾ ਬਿਦੇਸ਼ ਮੰਤਰੀ ਅੱਜ ਕੱਲ੍ਹ ਅਮਰੀਕਾ ਦੇ ਦੌਰ ਤੇ ਹਨ ਤੇ ਉਨ੍ਹਾਂ ਸ੍ਰੀ ਸ਼ੁਲਟਜ਼ ਤੇ ਪ੍ਰਧਾਨ ਰੇਗਨ ਨਾਲ ਚੀਨ ਤੇ ਅਮਰੀਕਨ ਸਬੰਧਾਂ ਨੂੰ ਪੱਕੇ ਕਰਨ ਲਈ ਜ਼ੋਰ ਦਿਤਾ ਹੈ।

ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਨੂੰ ਚਾਰ ਸਾਲ ਕੈਦ— ਰਿਸ਼ਵਤ ਦਾ ਦੋਸ਼

ਟੋਕੀਓ—ਜਾਪਾਨਾ ਦੇ ਭੂਤਪੂਰਵ ਪ੍ਰਧਾਨ ਮੰਤਰੀ ਤਨਾਕਾ ਨੂੰ ਚਾਰ ਸਾਲ ਕੈਦ ਸੁਣਾਈ ਗਈ ਹੈ। ਉਸ ਤੇ ਇਲਜ਼ਾਮ ਸੀ ਕਿ ਉਸ ਨੇ ਇਕ ਅਮਰੀਕਨ ਹਵਾਈ ਕੰਪਨੀ ਤੋਂ 20 ਲੱਖ ਡਾਲਰ ਰਿਸ਼ਵਤ ਲਈ ਸੀ। ਫਾਜ਼ਲ ਜੱਜ ਨੇ ਕਿਹਾ ਕਿ ਇਹ ਸਾਬਤ ਹੋ ਗਿਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਨੇ ਆਪਣੇ ਆਹੁਦੇ ਦਾ ਲਾਭ ਉਠਾਇਆ।

ਉਤਰੀ ਕੋਰੀਆ ਦਾ ਰੰਗੂਨ ਵਿਚ ਹੋਏ ਕਤਲਾਂ ਨਾਲ ਕੋਈ ਸਬੰਧ ਨਹੀਂ

ਉਤਰੀ ਕੋਰੀਆ ਦੇ ਬਿਦੇਸ਼ ਮੰਤਰੀ ਨੇ ਕਿਹਾ ਕਿ ਰੰਗੂਨ ਵਿਚ ਜੋ ਦੱਖਣੀ ਕੋਰੀਆ ਦੇ ਉਚ ਅਧਿਕਾਰੀਆਂ ਦੇ ਕਤਲ ਹੋਏ ਹਨ ਉਸ ਵਿਚ ਉਤਰੀ ਕੋਰੀਆ ਦਾ ਕੋਈ ਹੱਥ ਨਹੀਂ। ਉਤਰੀ ਕੋਰੀਆ ਨਿਊਜ਼ ਏਜੰਸੀ ਨੇ ਕਿਹਾ ਕਿ ਇਹ ਦੋਸ਼ ਨਿਰਾਧਾਰ ਹਨ ਕਿ ਉਨ੍ਹਾਂ ਦਾ ਇਨ੍ਹਾਂ ਬੰਬ ਧਮਾਕਿਆਂ ਨਾਲ ਕੋਈ ਸਬੰਧ ਹੈ। ਇਨ੍ਹਾਂ ਧਮਾਕਿਆਂ ਵਿਚ ਦੱਖਣੀ ਕੋਰੀਆ ਦੇ ਚਾਰ ਕੈਬਨਿਟ ਮੰਤਰੀ ਮਰੇ ਹਨ।

ਕੀ ਕਾਣਾ ਘੋੜੀ ਚੜ੍ਹੇ ਗਾ ?

ਇਸਲਾਮਾਬਾਦ — ਪਾਕਿਸਤਾਨ ਦੇ ਪ੍ਰਧਾਨ ਜਿਆਉਲ ਹੱਕ ਨੇ ਕਿਹਾ ਹੈ ਕਿ ਉਹ ਮਾਰਚ 1985 ਤਕ ਦੇਸ਼ ਦੀ ਬਾਗ ਡੋਰ ਦੇਸ਼ ਦੀ ਚੁਣੀ ਹੋਈ ਸਰਕਾਰ ਨੂੰ ਸੰਭਾਲਣ ਲਈ ਤਿਆਰ ਹਨ।

ਰੂਸ ਦਾ ਫੌਜੀ ਜਰਨੈਲ ਭਗੌੜਾ

ਤੁਰਕੀ ਵਿਚ ਛਪਦੇ ਅਖਬਾਰਾਂ ਨੇ ਦੱਸਿਆ ਹੈ ਕਿ ਰੂਸ ਦੀ ਫੌਜ ਦਾ ਇਕ ਜਰਨੈਲ ਪੈਦਲ ਹੀ ਸੀਮਾਂ ਪਾਰ ਕਰਕੇ ਤੁਰਕੀ ਪਹੁੰਚ ਗਿਆ ਹੈ। ਉਸ ਸਮੇਂ ਉਹ ਆਪਣੀ ਰੂਸੀ ਫੌਜੀ ਵਰਦੀ ਵਿਚ ਹੀ ਸੀ। ਇਥੇ ਪੁਜ ਕੇ ਉਸਨੇ ਕਿਸੇ ਪੱਛਮੀ ਦੇਸ਼ ਵਿਚ ਰਾਜਨੀਤਕ ਸ਼ਰਨ ਦੀ ਮੰਗ ਕੀਤੀ ਹੈ। ਮੁਢਲੀ ਪੁਛ ਗਿੱਛ ਤੋਂ ਮਗਰੋਂ ਉਸਨੂੰ ਅੰਕਰਾ ਪੁਚਾ ਦਿਤਾ ਗਿਆ ਹੈ। ਰੂਸੀ ਜਰਨੈਲ ਦਾ ਨਾਉਂ ਨਹੀਂ ਦਸਿਆ ਗਿਆ ਅਤੇ ਨ ਹੀ ਇਹ ਪਤਾ ਲੱਗਾ ਹੈ ਕਿ ਉਹ ਕਦੋਂ ਦੇਸੋਂ ਭਜਿਆ।

ਸੀਰੀਆ ਨੂੰ ਰੂਸੀ ਹਥਿਆਰ

ਅਮਰੀਕਾ ਨੇ ਰੂਸੀ ਸਰਕਾਰ ਨੂੰ ਕਿਹਾ ਹੈ ਕਿ ਜੇ ਉਹ ਸੀਰੀਆ ਲਈ ਹੋਰ ਵਧੇਰੇ ਹਥਿਆਰ ਭੇਜੇਗਾ ਤਾਂ ਇਸ ਖੇਤਰ ਵਿਚ ਤਨਾਓ ਹੋਰ ਵਧ ਜਾਵੇਗਾ। ਖੁਫੀਆ ਰੀਪੋਟਾਂ ਅਨੁਸਾਰ ਰੂਸ ਲਗੀਆਂ ਘਾਤਕ ਮਜਾਈਲਾਂ ਸੀਰੀਆ ਨੂੰ ਦੇ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਮਰੀਕਾ ਰੂਸੀ ਹਥਿਾਰਾਂ ਦੀ ਸਪਲਾਈ ਤੇ ਨਿਗਾਹ ਰੱਖ ਰਿਹਾ ਹੈ।

ਸੰਨ 2000 ਤਕ ਅਮਰੀਕਾ ਨੂੰ ਭੁੱਖ ਦਾ ਸਾਹਮਣਾ ਰਹੇਗਾ

ਬੁਡਪੈਸਟ—ਇਸ ਹਫਤੇ ਇਥੇ ਕਲੱਬ ਆਫ ਰੋਮ ਦੀ ਇਕ ਮੀਟਿੰਗ ਵਿਚ ਜਾਰੀ ਇਕ ਅਜ਼ਾਦ ਅਧਿਅਨ ਦੀ ਰਿਪੋਰਟ ਅਨੁਸਾਰ ਦੁਨੀਆਂ ਵਿਚ ਅਨਾਜ ਦੀ ਸਭ ਤੋਂ ਵਧ ਬਰਾਮਦ ਕਰਨ ਵਾਲਾ ਅਮਰੀਕਾ ਸੰਨ 2000 ਤਕ ਸ਼ਾਇਦ ਆਪਣੀ ਜਨਤਾ ਨੂੰ ਖੁਆਉਣ ਦੇ ਯੋਗ ਵੀ ਨਹੀਂ ਹੋਵੇਗਾ।

ਕੈਲਗਰੀ ਦਰਪਣ

COMMITTEE ON TOLERANCE AND UNDERSTANDING

Ron Ghitter, Chairman
Marlene Antonio, Lee Bussard, Mel Fenske, Yolande Gagnon, Ralph Himsl, Dorothy Hutton, Lee Phipps, Raffath Sayeed, Ronald T. Scrimshaw, Alice Jean Smistad, Rita Thompson, Henry Woo

#220, 1220 Kensington Road N.W.
Calgary, Alberta T2N 3P5
Telephone: (403) 297-5107

AN INVITATION TO SHARE YOUR VIEWPOINT

Dear Sir/Madam

The Committee on Tolerance and Understanding was recently established with the mandate of recommending to the Minister of Education ways in which we may foster in our schools and educational system greater tolerance and respect for human rights, fundamental freedoms and the diginity and worth of all individuals.

Throughout Alberta, in communities large #⅛ and small, there is a growing recognition of the need to foster tolrence and understanding. Business, labour, religious and educational leaders must take the initiative of planning for the future. As Chairman of the Committee I would respectfully ask for the support and participation of your organisation and its members.

In order to ensure a wide range of public input the Committee will be holding public hearings throughout Alberta. In addition the Committee will be visiting communities to speak personally with those directly involved in initiating and implementing programs which foster tolerance and understanding.

You are invited to meet with the Committee and contribute from your viewpoint in the community by -

— sharing positive and negative experiences
— identifying examples of intolerance
— describing the merits of existing
— programs
— pinpointing any deficiencies that currently exist in the educational system curriculam, classroom or any related area
— identifying new initiatives including policies, procedures or programs

Oral and written submissions are welcome. Please note written submissions should be forwarded two weeks prior to the hearing date. At the option of the committee, requests for confidentiality will be respected.

We urge you to participate as the contributions received from the general public and interest groups will be a major, important component of the resources the Committee will utilize in preparing their report.

To assist the general public, an office has been established in Calgary to facilitate requests to appear at public hearings and provide an information service. If you require any assistance, please contact Susan Holt, Executive Assistant, at -

Committee on Tolerance and Understanding
220, 1220 Kensington Road N.W
calgary, Alberta T2N 3P5
Telephone 297-5107 or 297-5108

[Long distance calls are toll free by contacting the Government R.I.T.E. operator or asking the AGT operator for Zenith 22333].

If you have any questions or comments please do not hesitate to contact me personally at 263-6805 in Calgary. For background information I have enclosed the Ministerial Statement and Action Plan for Promoting Tolerance and Understanding, details of which I would be pleased to discuss with you.

On behalf of the Committee I look forward to your participation in this important dialogue and opportunity.

Yours truely,
Sd - RON GHITTER,
CHAIRMAN

For further information please contact Mr HARCHARAN SINGH SANGHERA
PHONE 403-272-3382

ਇਨ੍ਹਾਂ ਸਭ ਸਟੋਰਾਂ ਤੋਂ ਤੁਹਾਨੂੰ ਕੈਨੇਡਾ ਦਰਪਣ ਕੈਲਗਰੀ ਵਿਚ ਮਿਲ ਸਕਦਾ ਹੈ।

ਕੈਲਗਰੀ ਵਿਚ ਆਈਲੈਂਡ ਫੂਡ ਸਟੋਰਜ਼ ਦਾ ਉਦਘਾਟਨ



ਆਈਲੈਂਡ ਫੂਡ ਸਟੋਰਜ਼ ਦੇ ਮਾਲਕ ਮਿਸਟਰ ਅਲੀ ਅਤੇ ਮਿਸਟਰ ਖਾਨ ਉਦਘਾਟਨ ਸਮੇਂ

ਕੈਲਗਰੀ—8 ਅਕਤੂਬਰ ਸਨਿਚਰਵਾਰ ਨੂੰ ਮਿਸਟਰ ਅਲੀ ਅਤੇ ਮਿਸਟਰ ਖਾਨ ਨੇ ਆਪਣੇ ਨਵੇਂ ਸਟੋਰ ਦਾ ਉਦਘਾਟਨ ਕੀਤਾ। ਇਹ ਦੋਵੇਂ ਪਿਛਲੇ ਚਾਰ ਸਾਲ ਤੋਂ ਚਾਰ ਸਟੋਰ ਖੋਲ੍ਹ ਚੁਕੇ ਹਨ। ਐਡਮਿੰਟਨ ਵਿਚ ਇਨ੍ਹਾਂ ਦੇ ਪਹਿਲਾਂ ਵੀ ਤਿੰਨ ਸਟੋਰ ਹਨ। ਆਈਲੈਂਡ ਫੂਡਜ਼, ਫੇਅਰ ਵਿਊ ਗਰੌਸਰੀ ਅਤੇ ਨੌਰਵੁਡ ਮੀਟ ਮਾਰਕਿਟ। 8 ਅਕਤੂਬਰ ਨੂੰ ਨਵੇਂ ਸਟੋਰ ਦਾ ਉਦਘਾਟਨ ਕੈਲਗਰੀ ਵਿਚ ਬੜੇ ਜ਼ੋਰ ਸ਼ੋਰ ਨਾਲ ਹੋਇਆ।

ਕੈਲਗਰੀ ਵਿਚ ਮਿਉਂਸਪਲ ਚੋਣਾਂ ਦੀ ਤਿਆਰੀ ਪੂਰੇ ਜ਼ੋਰ ਸ਼ੋਰ ਵਿਚ



ਕੈਲਗਰੀ ਦੇ ਮੇਅਰ ਸਿੱਖ ਸੁਸਾਇਟੀ ਦੇ ਪ੍ਰਧਾਨ ਹਰਚਰਨ ਸਿੰਘ ਸੰਘੇੜਾ ਨਾਲ

ਕੈਲਗਰੀ—ਸ਼ੁਕਰਵਾਰ 7 ਅਕਤੂਬਰ ਨੂੰ ਮਿਉਂਸਪਲ ਚੋਣਾਂ ਦੇ ਸਬੰਧ ਵਿਚ ਕਨੇਡੀਅਨ ਫਿਲਪੀਨੋ ਸੁਸਾਇਟੀ, ਕੈਲਗਰੀ ਵਲੋਂ ਇਕ ਸਮਾਗਮ ਕੀਤਾ ਗਿਆ ਜਿਸ ਵਿਚ ਕੈਲਗਰੀ ਦੇ ਮੇਅਰ ਰੈਲਫ ਕਲਾਇਨ ਅਤੇ ਉਸਦੀ ਧਰਮ ਪਤਨੀ ਵੀ ਸ਼ਾਮਲ ਹੋਏ। ਫਲਪਾਈਨਜ਼ ਦੇ ਕੌਂਸਲ ਜਨਰਲ ਵੀ ਸਮਾਗਮ ਵਿਚ ਸ਼ਾਮਲ ਸਨ। ਕੈਲਗਰੀ ਦੇ ਪ੍ਰਸਿਧ ਡਾਕਟਰ ਡੇਵਿਡ ਸਮਾਗਮ ਦੇ ਕਰਤਾ ਧਰਤਾ ਸਨ। ਇਹ ਸਮਾਗਮ ਇਕੱਲੇ ਫਿਲਪੀਨੋ ਇਮੀਗਰੈਂਟਾਂ ਦਾ ਹੀ ਨਹੀਂ ਸਗੋਂ ਹੋਰ ਘੱਟ ਗਿਣਤੀਆਂ ਦੇ ਲੋਕ ਵੀ ਇਸ ਵਿਚ ਸ਼ਾਮਲ ਸਨ। ਇੰਡੋ ਕਨੇਡੀਅਨ ਕਮਿਊਨਿਟੀ ਦੇ ਮੈਂਬਰ ਕਾਫੀ ਗਿਣਤੀ ਵਿਚ ਸ਼ਾਮਲ ਸਨ। ਜਿਨਾਂ ਵਿਚ ਸਿਖ ਸੁਸਾਇਟੀ ਕੈਲਗਰੀ ਦੇ ਪ੍ਰਧਾਨ ਸ੍ਰ: ਹਰਚਰਨ ਸਿੰਘ ਸੰਘੇੜਾ, ਪੰਜਾਬੀ ਕਲਚਰਲ ਸੁਸਾਇਟੀ ਦੇ ਸ੍ਰੀ ਹਰਿੰਦਰ ਸਿੰਘ, ਈਸਟ ਵੈਸਟ ਇੰਟਰਨੈਸ਼ਨਲ ਟਰੈਵਲ ਦੇ ਸ੍ਰੀ ਮਲਕੀਤ ਬਰਾੜ, ਸਟੈਮਪੀਡਰ ਟੈਕਸੀ ਦੇ ਪ੍ਰਧਾਨ ਸ੍ਰੀ ਸ਼ਰਨਾਗਤ ਸਿੰਘ ਹੇਅਰ। ਇਨ੍ਹਾਂ ਤੋਂ ਇਲਾਵਾ ਹੋਰ ਬਿਜਨਿਸ ਮੈਨ ਅਤੇ ਪਤਵੰਤੇ ਸੱਜਣ ਵੀ ਹਾਜ਼ਰ ਸਨ।



ਸ੍ਰ: ਹਰਚਰਨ ਸਿੰਘ ਸੰਘੇੜਾ, ਈਸਟ ਵੈਸਟ ਟਰੈਵਲ ਦੇ ਮਲਕੀਤ(ਮਾਈਕ)ਬਰਾੜ ਕੈਲਗਰੀ ਦੇ ਪ੍ਰਸਿਧ ਡਾਕਟਰ ਡੇਵਿਡ ਨਾਲ



ਗਰਮੀ ਦੇ ਬਾਵਜੂਦ ਧਰਤੀ ਬਰਫੀਲੇ ਯੁਗ ਵਲ

ਨਿਊਯਾਰਕ — "ਅਮੈਰਕਨ ਜਰਨਲ ਆਫ ਸਾਇੰਸ" ਅਤ "ਜਰਨਲ ਨੇਚਰ" ਵਿਚ ਦਿਤੀ ਗਈ ਇਕ ਧਾਰਨਾ ਦੇ ਅਨੁਸਾਰ ਵਿਗਿਆਨੀ ਇਹ ਦਾਅਵਾ ਕਰਦੇ ਹਨ ਕਿ ਧਰਤੀ ਹੌਲੀ ਹੌਲੀ ਬਰਫੀਲੇ ਧੁਰੇ ਵਲ ਵੱਧ ਰਹੀ ਹੈ ਭਾਵੇਂ ਕਿ ਲਗਾਤਾਰ ਬਾਲਣ ਬਲਣ ਨਾਲ ਪੈਦਾ ਹੁੰਦੀ ਕਾਰਬਨ ਡਾਇਉਕਸਾਈਡ ਲੱਖਾਂ ਸਾਲ ਪਹਿਲਾਂ ਵਾਲੇ ਵਾਤਾਵਰਨ ਵਿਚ ਮੁੜ ਲਿਜਾਣ ਵਿਚ ਸਹਾਈ ਹੁੰਦੀ ਹੈ।

ਪੰਜਾਬੀ ਮਾਰਕਿਟ ਵਿਚ ਚੋਣਾਂ 19 ਅਕਤੂਬਰ ਨੂੰ

ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਪ੍ਰਧਾਨ ਸੁੱਚਾ ਸਿੰਘ ਕਲੇਰ ਨੇ ਲਿਖਤੀ ਤੌਰ ਤੇ ਦਸਿਆ ਹੈ ਕਿ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਜਿਸ ਦੇ ਪੰਜਾਬੀ ਮਾਰਕਿਟ ਵਿਚੋਂ 54 ਮੈਂਬਰ ਹਨ ਦੀ ਚੋਣ 19 ਅਕਤੂਬਰ 1983 ਨੂੰ ਹੋਵੇਗੀ। ਸਥਾਨ ਅਤੇ ਸਮੇਂ ਬਾਰੇ ਲਿਖਤੀ ਸੂਚਨਾ ਰਾਹੀਂ ਸਭ ਮੈਂਬਰਾਂ ਨੂੰ ਸੂਚਤ ਤਾਂ ਕਰ ਦਿਤਾ ਗਿਆ ਸੀ ਪਰ ਜੇ ਕਿਸੇ ਮੈਂਬਰ ਨੇ ਹੋਰ ਪੁਛ-ਗਿਛ ਕਰਨੀ ਹੋਵੇ ਤਾਂ ਸਕੱਤਰ ਮਹੇਸ਼ ਸਵਾਲੀ ਜਾਂ ਮੇਰੇ ਨਾਲ ਸੰਪਰਕ ਪੈਦਾ ਕਰ ਸਕਦੇ ਹਨ। ਯਾਦ ਰਹੇ ਦੋ ਕੁ ਹਫਤੇ ਪਹਿਲਾ ਪੰਜਾਬੀ ਮਾਰਕਿਟ ਵਿਚ ਇਕ ਹੋਰ ਐਸੋਸੀਏਸ਼ਨ ਦੀ ਚੋਣ ਦੀ ਚਰਚਾ ਵੀ ਹੋਈ ਹੈ। ਸਾਡੀ ਐਸੋਸੀਏਸ਼ਨ ਦਾ ਉਸ ਨਾਲ ਕੋਈ ਸਬੰਧ ਨਹੀਂ। ਸਾਡੀ ਇਸ ਐਸੋਸੀਏਸ਼ਨ ਦੀ ਚੋਣ ਪਿਛਲੇ ਸਾਲ 20 ਅਕਤੂਬਰ ਨੂੰ ਹੋਈ ਸੀ। ਇਹ ਉਹ ਐਸੋਸੀਏਸ਼ਨ ਹੈ ਜੋ ਪੰਜਾਬੀ ਅਤੇ ਇੰਡੀਆ ਮਾਰਕਿਟ ਐਸੋਸੀਏਸ਼ਨਾਂ ਨੂੰ ਇਕ ਕਰਕੇ ਬਣਾਈ ਗਈ ਸੀ।

ਸੁੱਚਾ ਸਿੰਘ ਕਲੇਰ

ਸਫਾ ੫ ਦੀ ਬਾਕੀ

1937 ਤਕ ਗਦਰੀ ਬਾਬੇ ਤੇ ਉਨ੍ਹਾਂ ਦੇ ਸਹਿਯੋਗੀ ਕਿਰਤੀ ਗਰੁਪ ਦੇ ਤੌਰ ਤੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। 1937 ਵਿਚ ਪੰਜਾਬ ਅਸੈਂਬਲੀ ਦੀ ਚੋਣ ਆ ਗਈ। ਅੰਗਰੇਜ਼ ਪੱਕੀ ਯੂਨੀਨਿਸਟ ਪਾਰਟੀ ਦੇ ਮੁਕਾਬਲੇ ਵਿਚ 175 ਸੀਟਾਂ 'ਚੋਂ 32 ਸੀਟਾਂ ਤੇ ਕਾਂਗਰਸ ਦੇ ਬੰਦੇ ਖੜੇ ਕਰਨ ਦਾ ਕਾਂਗਰਸ ਤੇ ਕਿਰਤੀ ਗਰੁਪ ਨੇ ਫੈਸਲਾ ਕੀਤਾ।

ਮਾਹਿਲਪੁਰ ਦੀ ਸੀਟ ਤੇ ਹਰਜਾਪ ਸਿੰਘ ਨੂੰ ਕਾਂਗਰਸ (ਸਾਂਝੀ) ਵਲੋਂ ਖੜੇ ਕਰਨ ਦਾ ਐਲਾਨ ਹੋ ਗਿਆ। ਇਨ੍ਹਾਂ ਦੇ ਮੁਕਾਬਲੇ ਤੇ ਯੂਨੀਨਿਸਟ ਪਾਰਟੀ ਨੇ ਲੱਖਪਤੀ ਟਿੱਕਾ ਜਗਤਾਰ ਸਿੰਘ ਸੋਢੀ ਆਨੰਦਪੁਰ ਸਾਹਿਬ ਨੂੰ ਖੜਾ ਕੀਤਾ। ਤਹਿਸੀਲ ਗੜ੍ਹਸ਼ੰਕਰ ਤੇ ਊਨਾ ਤਹਿਸੀਲ ਦੀਆਂ 1200 ਵੋਟਾਂ ਨੇ ਫੈਸਲਾ ਕਰਨਾ ਸੀ। ਸੋਢੀ ਅੰਗਰੇਜ਼ ਭਗਤ ਹੋਣ ਕਰਕੇ ਉਹ ਤੇ ਅੰਗਰੇਜ਼ ਦੇ ਪਿਠੂਪੈਸੇ ਦੇ ਜ਼ੋਰ ਨਾਲ ਵੋਟ ਖਰੀਦ ਕਰਨੀ ਮੰਗਦੇ ਸਨ ਪਰ ਇਨਕਲਾਬੀਆਂ ਨੇ ਆਪਣਾ ਢੰਗ ਵਰਤਿਆ। ਦਲੇਲ ਸਿੰਘ ਮੂਲਾ ਸਿੰਘ ਤੇ ਪੂਰਨ ਸਿੰਘ ਬਾਹੋਵਾਲ ਅਤੇ ਕਾਬਲ ਸਿੰਘ ਸਕਰੂਲੀ ਅਨੰਦਪੁਰ ਸਾਹਿਬ ਜਾਕੇ ਸੋਢੀ ਜਗਤਾਰ ਸਿੰਘ ਦੀ ਮਾਂ ਨੂੰ ਸ਼ਾਸ਼ਤਰਧਾਰੀਆਂ ਦੇ ਰੂਪ ਵਿਚ ਮਿਲੇ, ਉਸਨੂੰ ਆਖਿਆ "ਅਸੀਂ ਇਹ ਸੀਟ ਹਰ ਹਾਲਤ ਵਿਚ ਜਿੱਤਨੀ ਹੈ, ਜੇ ਸੋਢੀ ਨੇ ਤਿੰਨ ਦਿਨਾਂ ਵਿਚ ਆਪਣਾ ਨਾਂ ਵਾਪਸ ਨਾ ਲਿਆ ਤਾਂ ਤੂੰ ਚੌਥੇ ਦਿਨ ਉਸਦੀ ਲਾਸ਼ ਨੂੰ ਫੜ ਧਾਹਾਂ ਮਾਰਦੀ ਹੋਵੇਂਗੀ।" ਆਖਰ ਮਾਂ ਸੀ ਉਸਨੇ ਸੋਢੀ ਨੂੰ ਆਖਿਆ, "ਦੋ ਦਿਨਾਂ ਦੇ ਅੰਦਰ ਅੰਦਰ ਜੇ ਤੂੰ ਨਾਂ ਵਾਪਸ ਨਾ ਲਿਆ ਤਾਂ ਮੈਂ ਜ਼ਹਿਰ ਖਾਕੇ ਮਰ ਜਾਣਾ ਹੈ। ਕਿਉਂਕਿ ਹਰਜਾਪ ਸਿੰਘ ਗੁਰਸਿਖ ਹੈ ਮੈਂ ਤੈਨੂੰ ਉਸ ਦਾ ਮੁਕਾਬਲਾ ਕਰਦਾ ਨਹੀਂ ਵੇਖ ਸਕਦੀ।" ਮਾਂ ਦੀ ਮਮਤਾ ਨੇ ਸੋਢੀ ਨੂੰ ਨਾਂ ਵਾਪਸ ਲੈਣ ਤੇ ਮਜਬੂਰ ਕਰ ਦਿਤਾ। ਹਰਜਾਪ ਸਿੰਘ ਬਿਨਾਂ ਮੁਕਾਬਲਾ M.L.A. ਚੁਣੇ ਗਏ। 19 M.L.A. ਕਾਂਗਰਸ ਦੇ ਚੁਣੇ ਗਏ ਜਿਨ੍ਹਾਂ ਵਿਚੋਂ ਛੇ ਕਿਰਤੀ ਗਰੁਪ ਦੇ ਸਨ। ਜਿਵੇਂ ਸੋਹਣ ਸਿੰਘ ਜੋਸ਼, ਕਾਬਲ ਸਿੰਘ ਗੋਬਿੰਦਪੁਰ, ਤੇਜਾ ਸਿੰਘ ਸੁਤੰਤਰ ਆਦਿ।

ਭਾਵੇਂ ਇਹ ਗਦਰੀ ਬਾਬੇ ਇਨਕਲਾਬ ਤਾਂ ਨਹੀਂ ਲਿਆ ਸਕੇ ਪਰ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜੋ ਇਨਾਂ ਦੀਆ ਕੁਰਬਾਨੀਆਂ ਹਨ ਉਨ੍ਹਾਂ ਨੂੰ ਦੇਸ਼ ਦੀ ਆਜਾਦੀ ਦੇ ਪ੍ਰਸੰਗ ਵਿਚ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਇਹ ਪੂਰਨ ਇਨਸਾਨ ਸਨ।

ਫਰਿਸ਼ਤੇ ਸੇ ਬਹਿਤਰ ਹੈ ਇਨਸਾਨ ਬਨਣਾ
ਮਗਰ ਇਸ ਮੇਂ ਲਗਤੀ ਹੈ ਮਹਿਨਤ ਜਿਆਦਾ

ਇਨ੍ਹਾਂ ਦੀ ਮਹਿਨਤ, ਬਹਾਦਰੀ, ਤੇ ਨਿਸ਼ਕਾਮ ਸੇਵਾ ਤੇ ਸਿਰੜ ਨੇ ਅੰਗਰੇਜ਼ ਦੀ ਖਲ ਵਿਚ ਜੋ ਡਰ ਪੈਦਾ ਕਰ ਦਿਤਾ ਉਸ ਡਰ ਨੇ ਅੰਗਰੇਜ਼ ਨੂੰ 15 ਅਗਸਤ 1947 ਨੂੰ ਭਾਰਤ ਛੱਡਣ ਲਈ ਮਜਬੂਰ ਕਰ ਦਿਤਾ। ਪਰ ਉਹ ਜਾਂਦਾ ਜਾਂਦਾ ਦੇਸ਼ ਦੇ ਦੋ ਟੁਕੜੇ ਕਾਂਗਰਸ ਦੀ ਗਲਤੀ ਨਾਲ ਕਰ ਗਿਆ।

ਦੇਸ਼ ਭਗਤ (ਗਦਰੀ ਬਾਬੇ) ਇਸ ਆਜ਼ਾਦੀ ਤੋਂ ਖੁਸ਼ ਨਹੀਂ ਹੋ ਸਕੇ। ਇਹ ਉਨਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਸਾਬਤ ਹੋਈ।

'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਇਸ ਦੇ ਬਹੁਤ ਸਾਰੇ ਕਾਰਨ ਹਨ, ਜਿਨ੍ਹਾਂ ਵਿਚੋਂ ਇਹ ਤਿੰਨ ਦੇਸ਼ ਭਗਤਾਂ ਦੇ ਖਿਆਲ ਦੇ ਮੁਤਾਬਿਕ ਹਨ:-

1. ਅੰਗਰੇਜ਼ ਨੇ ਕਾਂਗਰਸ ਤੇ ਮੁਸਲਮ ਲੀਗ ਨਾਲ ਸੌਦਾ ਕੀਤਾ। ਕਾਂਗਰਸ 15 ਅਗਸਤ 1947 ਵਾਲੀ ਰਾਤ ਨੂੰ ਖੱਦਰ ਪਾਕੇ ਕਾਂਗਰਸੀ ਬਨਣ ਵਾਲੇ ਗੱਦਾਰਾਂ, ਸਰਕਾਰੀ ਪਿਠੂਆਂ ਨੂੰ ਬਾਂਗਰਸ ਵਿਚ ਦਾਖਲ ਹੋਣ ਤੋਂ ਰੋਕ ਨਹੀਂ ਸਕੀ। ਸਗੋਂ ਉਨ੍ਹਾਂ ਨੂੰ ਗਲੇ ਲਾ ਲਿਆ। ਉਨ੍ਹਾਂ ਗੱਦਾਰਾਂ ਨੇ ਕਾਂਗਰਸੀਆਂ ਦੇ ਨਾਲ ਮਿਲ ਕੇ ਰਾਜਸੀ ਢਾਂਚੇ ਨੂੰ ਕੁਰਪਟ ਕਰ ਦਿੱਤਾ। ਇਹ ਬੀਮਾਰੀ ਹੁਣ ਲਾਇਲਾਜ ਹੋ ਗਈ ਹੈ।
2. ਕਾਂਗਰਸ ਨੇ ਦੇਸ਼ ਦੀ ਸਰਮਾਏਦਾਰੀ ਨਾਲ ਰਲ ਕੇ ਸਾਮਰਾਜੀਆਂ ਦਾ ਸਾਹ ਭਰਨਾ ਸ਼ੁਰੂ ਕਰ ਦਿੱਤਾ। ਦੇਸ਼ ਦੀ ਆਰਥਕ ਹਾਲਤ ਮੰਦੀ ਹੋਗਈ। ਮੁਨਾਫੇ ਨੇ ਬਲੈਕ ਨੂੰ ਜਨਮ ਦੇ ਦਿਤਾ। ਗਰੀਬ ਹੋਰ ਗਰੀਬ ਹੋ ਗਿਆ। ਆਰਥਕ ਬਰਾਬਰਤਾ ਦਾ ਸੁਪਣਾ ਖਤਮ ਹੋ ਗਿਆ। ਮਹਿੰਗਾਈ ਤੇ ਰੋਜ਼ਗਾਰੀ ਦੇਸ਼ ਨੂੰ ਜਮ ਵਾਂਗ ਚਿੰਬੜ ਗਈ।
3. ਰਾਜ ਪ੍ਰਬੰਧ ਤੇ ਵਿਦਿਆ ਪਰਨਾਲੀ ਵਿਚ. ਕੋਈ ਉਸਾਰੀ ਤਬਦੀਲੀ ਨਹੀਂ ਆ ਸਕੀ ਕਿਉਂਕਿ ਕਾਂਗਰਸੀ ਆਗੂਆਂ ਨੂੰ ਸਿਰਫ ਗੱਦੀ ਉਤੇ ਟਿਕੇ ਰਹਿਣ ਲਈ ਹੀ ਸਾਰਾ ਵਕਤ ਲੱਗ ਜਾਂਦਾ ਹੈ। ਰਾਜ ਪ੍ਰਬੰਧ ਬਾਰੇ ਕਿਸ ਵੇਲੇ ਸੋਚਣ। ਸੋਹਣ ਸਿੰਘ ਜੋਸ਼ ਨੇ ਰਾਜ ਪ੍ਰਬੰਧ ਨੂੰ ਨ ਬਦਲਣ ਦੀ ਇਕ ਮਿਸਾਲ ਦਿੱਤੀ ਸੀ, "ਜਦ ਗੁਰਚਰਨ ਸਿੰਘ ਥਾਨੇਦਾਰ ਦੀ ਅੱਤ ਤੇ ਦੇਸ਼ ਭਗਤਾਂ ਉਤੇ ਜਬਰ ਕਰਕੇ ਅੰਗਰੇਜ਼ ਰਾਜ ਨੂੰ ਕਾਇਮ ਰੱਖਣ ਦੀ ਨੀਤੀ ਦੇ ਖਿਲਾਫ ਮਾਹਿਲਪੁਰ ਵਿਚ ਕਾਨਫਰੰਸ ਹੋਈ। ਉਸ ਜਲੂਸ ਵਿਚ ਜਵਾਹਰ ਲਾਲ ਨਹਿਰੂ ਜਿਸ ਘੋੜੇ ਉਤੇ ਚੜ੍ਹ ਕੇ ਪੰਡਾਲ ਤਕ ਗਿਆ ਸੀ ਉਹ ਸੁਖਚੈਨ ਸਿੰਘ ਸਕਰੂਲੀ ਵਾਲੇ ਦਾ ਘੋੜਾ ਸੀ। ਸੁਖਚੈਨ ਸਿੰਘ ਨੂੰ 1975 ਤਕ ਕਿਸੇ ਵੀ ਬਾਹਰਲੇ ਦੇਸ਼ ਨੂੰ ਜਾਣ ਲਈ ਪਾਸਪੋਰਟ ਨਹੀਂ ਸੀ ਮਿਲਿਆ ਕਿਉਂਕਿ ਥਾਨੇ ਵਿਚ ਉਸਦੇ ਖਿਲਾਫ ਇਹ ਦਰਜ ਸੀ ਕਿ "ਇਸ ਦਾ ਘੋੜਾ ਨਹਿਰੂ ਨੂੰ ਪੰਡਾਲ ਤਕ ਲੈ ਜਾਣ ਨੂੰ ਵਰਤਿਆ ਗਿਆ। ਇਹ ਗੱਲ ਅੰਗਰੇਜ਼ ਸਰਕਾਰ ਦੇ ਖਿਲਾਫ ਹੈ। ਸਰਕਾਰ ਨੂੰ ਉਲਟਾਉਣ ਦੀ ਕਾਰਵਾਈ ਹੈ।" ਨਹਿਰੂ ਦੇ ਰਾਜ ਵਿਚ ਇਸ ਗੱਲ ਦੀ ਪੁੱਛ ਨਹੀਂ ਹੋ ਸਕੀ ਨਾ ਹੀ ਥਾਨੇ ਵਾਲੇ ਮੰਨੇ। ਪਰ ਗੁਰਚਰਨ ਸਿੰਘ ਥਾਨੇਦਾਰ ਨਹਿਰੂ ਰਾਜ ਵਿਚ ਇਨਸਪੈਕਟਰ ਬਣਿਆ"। ਗੱਲ ਕੀ:-

ਦਿਲ ਕੇ ਫਫੋਲੇ ਜਲ ਉਠੇ ਦਿਲ ਕੇ ਹੀ ਦਾਗ ਸੇ
ਇਸ ਘਰ ਕੋ ਆਗ ਲੱਗ ਗਈ ਘਰ ਕੇ ਚਰਾਗ ਸੇ।

ਬਾਬਾ ਹਰਜਾਪ ਸਿੰਘ ਨੇ ਜੀਵਨ ਦੇ ਆਖਰੀ ਦਸ ਸਾਲ ਆਪਣੇ ਸਪੁਤਰਾਂ ਵਰਗੇ ਜੁਆਈ ਇਕਬਾਲ ਸਿੰਘ ਅਤੇ ਇਕਲੌਤੀ ਸੁਲੱਖਣੀ ਧੀ ਬੀਬੀ ਗੁਰਮੀਤ ਕੌਰ ਪਾਸ ਇੰਗਲੈਂਡ ਬਤਾਏ। 17 ਅਪ੍ਰੈਲ 1982 ਨੂੰ ਉਹ ਜਿਸ ਅੰਗਰੇਜ਼ ਨੂੰ ਦੇਸ਼ ਤੋਂ ਕੱਢਣ ਲਈ ਜੀਵਨ ਲਾਇਆ ਸੀ, ਉਸ ਦੇ ਦੇਸ਼ ਵਿਚ ਪੂਰੇ ਹੋ ਗਏ।

ਧਾਰਮਿਕ ਦਰਪਣ

ਜਪੁਜੀ: ਸਿੱਖ ਧਰਮ ਦੀ ਵਿਸ਼ੇਸ਼ ਬਾਣੀ

ਪ੍ਰਿੰਸੀਪਲ ਪ੍ਰਕਾਸ਼ ਸਿੰਘ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਤਿਗੁਰਾਂ ਵਲੋਂ ਬਾਣੀ ਦੀ ਸੰਭਾਲ —

ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਸੰਭਾਲਣ ਲਈ ਖਾਸ ਧਿਆਨ ਰਖਿਆ। ਆਪਣੇ ਆਪਣੀ ਰਚਨਾ ਆਪਣੇ ਜਾਂ-ਨਸ਼ੀਨ, ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਤਾਂ ਜੋ ਉਨ੍ਹਾਂ ਦਾ ਆਤਮ-ਸੰਦੇਸ਼ ਉਨ੍ਹਾਂ ਦੇ ਜੋਤੀ ਜੋਤ ਸਮਾਣ ਮਗਰੋਂ ਵੀ ਫੈਲਦਾ ਰਹੇ।

ਗੁਰੂ ਨਾਨਕ ਸਾਹਿਬ ਦੇ ਪਵਿੱਤਰ ਕਰ-ਕੰਵਲਾਂ ਦੁਆਰਾ ਲਿਖਤ ਜਪੁਜੀ ਸਾਹਿਬ ਦਾ ਖਰੜਾ ਅਜੇ ਕਿਸੇ ਨੂੰ ਨਹੀਂ ਲਭਿਆ ਪਰ ਹੋ ਸਕਦਾ ਹੈ ਕਿ ਉਨ੍ਹਾਂ ਨੇ ਆਪ ਜਪੁਜੀ ਸਾਹਿਬ ਆਪਣੇ ਹੱਥਾਂ ਨਾਲ ਕਲਮ-ਬੰਦ ਕੀਤਾ ਹੋਵੇ ਜਿਵੇਂ ਕਿ ਉਹ, ਪ੍ਰੋ: ਸਾਹਿਬ ਸਿੰਘ ਅਨੁਸਾਰ, ਸਮੇਂ ਸਮੇਂ ਤੇ ਸ਼ਬਦ ਉਚਾਰਨ ਕਰਕੇ ਲਿਖਦੇ ਰਹੇ।

ਸ੍ਰ: ਕਪੂਰ ਸਿੰਘ ਅਨੁਸਾਰ, "ਹਕੀਕਤ ਇਹ ਹੈ ਕਿ ਦੂਜੇ ਗੁਰੂ ਗੁਰੂ ਅੰਗਦ ਦੇਵ (੧੫੦੪-੧੫੫੨) ਨੇ ਗੁਰੂ ਨਾਨਕ ਸਾਹਿਬ ਦੀ ਇਲਾਹੀ ਬਾਣੀ, ਜੋ ਕਿ ਓਦੋਂ ਗੁਰੂ ਨਾਨਕ ਸਾਹਿਬ ਦੇ ਆਪਣੇ ਹੱਥ ਵਿਚ ਲਿਖਤ ਇਕ ਤੋਂ ਵਧ ਸੰਚੀਆਂ ਵਿਚ ਸੀ, ਇਕ ਥਾਂ ਇਕ ਖਰੜੇ ਵਿਚ ਇਕੱਠੀ ਕਰਕੇ, ਉਸ ਧਰਮ-ਪੁਸਤਕ ਦਾ ਮੁਢ ਬੰਨ੍ਹਿਆ ਜਿਸ ਨੂੰ ਹੁਣ ਗੁਰੂ ਗ੍ਰੰਥ ਸਾਹਿਬ ਕਿਹਾ ਜਾਂਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਖਰੜੇ 'ਗੁਰਮੁਖੀ' ਅੱਖਰਾਂ ਵਿਚ ਗੁਰੂ ਨਾਨਕ ਸਾਹਿਬ ਨੇ ਆਪ ਲਿਖੇ ਸਨ।"

ਆਦਿ ਗ੍ਰੰਥ ਸਾਹਿਬ ਦਾ ਪ੍ਰਥਮ ਮੂਲ ਖਰੜਾ ਜੋ ਕਿ ਗੁਰੂ ਅਰਜਨ ਸਾਹਿਬ ਨੇ ਇਕੱਠਿਆਂ ਕਰਕੇ ਸ਼ੰਪਾਦਨ ਕੀਤਾ, ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਸ਼ਹਿਰ ਵਿਖੇ ਹੁਣ ਤਕ ਸੁਰਖਿਅਤ ਹੈ। ਜਿਵੇਂ ਮਿਸਟਰ ਐਮ.ਏ.ਮੈਕਾਲਿਫ ਨੇ ਸੰਕੇਤ ਕੀਤਾ ਹੈ : "ਜਿਥੋਂ ਤਕ ਸਿਧਾਂਤਾਂ ਦੀ ਪ੍ਰਮਾਣੀਕਤਾ ਦਾ ਸਬੰਧ ਹੈ ਹੋਰ ਪਰਮਾਰਥਕ ਪਰਣਾਲੀਆਂ ਦੇ ਟਾਕਰੇ ਤੇ ਸਿੱਖ ਧਰਮ ਭਿੰਨਤਾ ਰਖਦਾ ਹੈ। ਕਈ ਵੱਡੇ ਵੱਡੇ ਧਾਰਮਕ ਆਗੂ, ਜੋ ਕਿ ਇਸ ਸੰਸਾਰ ਵਿਚ ਆਏ, ਆਪਣੀ ਰਚਨਾ ਦੀ ਇਕ ਸਤਰ ਵੀ ਲਿਖ ਕੇ ਨਹੀਂ ਛੱਡ ਗਏ। ਉਨ੍ਹਾਂ ਨੇ ਕੀ ਉਪਦੇਸ਼ ਕੀਤਾ ? ਇਹ ਸਾਨੂੰ ਰਵਾਇਤ ਤੋਂ ਜਾਂ ਦੂਜਿਆਂ ਪਾਸੋਂ ਪਤਾ ਲਗਦਾ ਹੈ। ਪਰ ਸਿੱਖ ਗੁਰੂਆਂ ਦੀਆਂ ਰਚਨਾਵਾਂ ਸੁਰਖਿਅਤ ਹਨ ਅਤੇ ਸਾਨੂੰ ਸਿੱਧੇ ਤੌਰ ਤੇ ਹੀ ਗਿਆਨ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਕੀ ਸਿਖਿਆ ਦਿੱਤੀ। ਉਨ੍ਹਾਂ ਨੇ ਕਵਿਤਾ ਦਾ ਸਾਧਨ ਵਰਤਿਆ ਜੋ ਕਿ ਉਤਾਰਾ ਕਰਨ ਵਾਲਿਆਂ ਦੇ ਹੱਥੋਂ ਆਮ ਤੌਰ ਤੇ ਰੂਪ ਨਹੀਂ ਵਟਾਂਦਾ ਅਤੇ ਸਮਾਂ ਪਾਕੇ ਅਸੀਂ ਉਨ੍ਹਾਂ ਦੀਆਂ ਵੱਖ ਵੱਖ ਸ਼ੈਲੀਆਂ ਤੋਂ ਵੀ ਜਾਣੂੰ ਹੋ ਜਾਂਦੇ ਹਾਂ।"

ਭਾਵੇਂ ਗੁਰੂ ਨਾਨਕ ਸਾਹਿਬ ਦੇ ਆਪਣੇ ਹੱਥ ਦੀ ਲਿਖੀ ਹੋਈ ਸੈਂਚੀ ਅਜੇ ਤਕ ਪ੍ਰਾਪਤ ਨਹੀਂ ਹੋ ਸਕੀ ਪਰ ਜਪੁਜੀ, ਜਿਸ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਰਖਿਅਤ ਹੈ, ਪ੍ਰਮਾਣੀਕ ਹੈ।

ਫਲਸਫਾ ਤੇ ਤਰਕ —

ਚੂੰਕਿ ਇਕ ਖਾਸ ਦਰਸ਼ਨ ਨੂੰ ਨਿਰੂਪਣ ਕਰਨਾ ਇਸ ਬਾਣੀ ਦਾ ਮੁਖ ਉਦੇਸ਼ ਹੈ ਇਸ ਲਈ ਦਾਰਸ਼ਨਿਕ ਪੱਖ ਤੋਂ ਇਹ ਰਚਨਾ ਸਰਬੋਤਮ ਹੈ। ਨਿਰਾ ਦਰਸ਼ਨ ਹੀ ਨਹੀਂ ਹੈ, ਰਹਿਸਵਾਦੀ ਅੰਸ਼ ਵੀ ਭਰਪੂਰ ਹੈ। ਦਰਸ਼ਨ ਲਈ ਤਰਕ [logic] ਜਰੂਰੀ ਹੈ। ਪਰ ਕਵਿਤਾ ਵਿਚ ਤਰਕ ਦੀ ਉਹ ਥਾਂ ਨਹੀਂ ਜੋ ਕਿ ਵਾਰਤਕ ਵਿਚ ਹੈ। ਇਕ ਵਾਰਤਕ ਨਿਬੰਧ ਵਿਚ ਤਰਕ ਦੁਆਰਾ ਹੀ ਖਿਆਲਾਂ ਦੀ ਉਸਾਰੀ ਹੁੰਦੀ ਹੈ ਪਰ ਕਾਵਿ-ਨਿਬੰਧ ਵਿਚ ਕਾਵਿਕ ਤਰਕ [Poetic logic] ਹੁੰਦਾ ਹੈ ਨਸਰ ਵਾਲਾ ਤਰਕ ਨਜ਼ਮ ਨੂੰ ਪਤਲਾ ਕਰ ਦਿੰਦਾ ਹੈ ਤਾਹੀਓਂ ਰਹਸਵਾਦੀ ਤੇ ਅਧਿਆਤਮਕ ਕਵੀ ਤਰਕ ਦੀ ਘਟ ਤੋਂ ਘਟ ਵਰਤੋਂ ਕਰਦਾ ਹੈ। ਗੁਰੂ ਨਾਨਕ ਸਾਹਿਬ ਐਸੇ ਨਿਪੁੰਨ ਕਲਾਕਾਰ ਹਨ ਕਿ ਉਨ੍ਹਾਂ ਨੂੰ ਇਹ ਪੂਰਨ ਗਿਆਨ ਹੈ ਕਿ ਕਿਥੇ ਤਰਕ ਰਾਹੀਂ ਉਹ ਆਪਣੇ ਵਿਚਾਰਾਂ ਵਿਚ ਸ਼ਕਤੀ ਤੇ ਭਰਪੂਰ ਅਸਰ ਪੈਦਾ ਕਰ ਸਕਦੇਹਨ। ਮਿਸਾਲ ਵਜੋਂ:-

ਧੌਲੁ ਧਰਮੁ ਦਇਆ ਕਾ ਪੂਤੁ
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

(ਜਪੁਜੀ, ਪਉੜੀ ੧੬)

ਇਥੇ ਤਰਕ ਹੈ, ਪਰ ਇਹ ਜ਼ਰਾ ਜਿਤਨਾ ਵੀ ਬੋਝਲ ਨਹੀਂ। ਇਸ ਨੇ ਜਰਾ ਜਿਤਨਾ ਭੀ ਰੁੱਖਾ-ਪਣ ਜਾਂ ਪਤਲਾਪਣ ਨਹੀਂ ਲਿਆਂਦਾ, ਸਗੋਂ ਵਿਚਾਰਾਂ ਨੂੰ ਦ੍ਰਿੜ੍ਹਤਾ ਦਿੱਤੀ ਹੈ।

ਸੁਖਮਨੀ ਸਾਹਿਬ
SUKHMANI SAHIB

ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
Prabh kai simran(i) kal(u) parharai.
Prabh kai simran(i) dusman(u) tarai.
(By remembering God, death cannot approach(the devotee.)
(By remembering God, enemies(including the five evil instincts)retreat.)

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
Prabh simrat kachh(u) bighan(u) na lagai.
Prabh kai simran(i) an-din(u) jagai.
(By remembering God, no obstacles come.)
(By remembering God, the devotee remains watchful (attached with God) night and day.)

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
Prabh kai simran(i) bhau na biapai.
Prabh kai simran(i) dukh(u) na santapai.
(By remembering God, fear is not felt.)
(By remembering God, sorrow and pains do not give any trouble(are gladly tolerated by the devotees.)

ਪ੍ਰਭ ਕਾ ਸਿਮਰਨਿ ਸਾਧ ਕੈ ਸੰਗਿ ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥
Prabh ka simran(u) sadh kai sang(i).
Sarab nidhan Nanak Har(i) rang(i).
(The (gift of) rememberance of God is obtained in the society of the true devotees.)
(Guru) Nanak(says), all treasures of wealth are obtained by sincere devotion and love for God.)

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ ॥
Prabh kai simran(i) ridh(i) sidh(i) nau-nidh(i).
(By remembering God, one obtains spritual and supernatural power, as well as, the nine treasures.)

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
Prabh kai simran(i) gian(u) dhian(u) tat(u) budh(i).
(By remembering God, one obtains divine knowledge, the gift of meditation with attached mind, the essence of true wisdom and the faculty to distinguish and grasp Truth.)

ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
Prabh kai simran(i) jap tap puja.
Prabh kai simran(i) binsai duja.
(Rememberance of God is the real devotion(and gives all the fruit of) penances and (ritual) worship.)
(By remembering God, the duality (and the idea of the existence of any one else like Him)vanishes)

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥
Prabh kai simran(i) tirath isnani.
Prabh kai simran(i) dargah mani.
(By remembering God, (the true devotee) takes the true bath at the (true) places of pilgrimage, (existing within the heart)(and reaps the true fruit without going to such places).
(By remembering God(the true devotee) gets honour in His Court.)



ਆਖੰਡਪਾਠ ਦੇ ਭੋਗ ਤੋਂ ਬਾਅਦ ਸ੍ਰੀ ਹਰਦੇਵ ਬੱਲ ਤੇ ਪਰਵਾਰ

ਸ੍ਰੀ ਹਰਦੇਵ ਬੱਲ ਅਤੇ ਉਸਦੇ ਪਰਵਾਰ ਵਲੋਂ ਸੋਮਵਾਰ 10 ਅਕਤੂਬਰ ਨੂੰ ਉਨ੍ਹਾਂ ਦੇ ਕਾਕੇ ਦੇ ਜਨਮ ਦਿਨ ਤੇ ਅਖੰਡਪਾਠ ਦਾ ਭੋਗ ਪਾਇਆ ਗਿਆ। 'ਕੈਨੇਡਾ ਦਰਪਣ' ਉਨ੍ਹਾਂ ਦੀ ਖੁਸ਼ੀ ਵਿਚ ਸ਼ਾਮਲ ਹੈ। ਤਸਵੀਰ ਵਿਚ ਸ੍ਰੀ ਹਰਦੇਵ ਬੱਲ, ਅਤੇ ਸ਼ਰਨ ਗੁਰਦੇਵ ਸਿੰਘ ਬੱਲ ਨਾਲ ਉਨ੍ਹਾਂ ਦੇ ਪਿਤਾ ਸੰਤੋਖ ਸਿੰਘ ਬੱਲ ਅਤੇ ਉਨ੍ਹਾਂ ਦੇ ਮਾਤਾ ਜੀ ਸੁਖਰਾਜ ਕੌਰ ਬੱਲ ਖੜੇ ਹਨ।

FEDERATION OF SIKH SOCIETIES OF CANADA
PRESS RELEASE

OTTAWA—

The President of Sikh Societies of Canada, Mr. Mohinder Singh Gosal of Kamloops, B.C. appeared as a witness to the Parlimentry Committee on Visible Minorities, for which purpose he was invited to the committee. The presentation was followed by a question-answer period lasting over an hour and a half. One of the statements made at the opening session referring to the intensity of racism stressed, -----there is a strong and an indesirable hurricane of racism sweeping this country.

"This really reflects the depth of the problems. Racism is not prevalent across all quarters of the land, but whereever it exists, it exists in grave extremity." said Mr Gosal elaborating the remarks.

Other issues brought up were , concept of family, impact of the imposition of visa, importance of Panjabi language, problems in employment, image of projection, racism, religious rights, political rights, naming of children, internal community issues, media and university degrees.

Also brought out were the importance of the Bhinder case and the KIRPAN issue. We, the Sikhs should never be asked to justify our emblems. said Mr Gosal.

Other members of the executive of the Federation present at the hearing were, Mr Gurdeep Singh Nagra [VP-Ontario region], Mr Chatar Singh Saini [VpAtlantic region, though he was not present at the opening], Dr.Bakhshish Singh Samagh [Secretary] and Mr.Gopal Singh Brar [Director] and Gurcharn Singh.

During his visit Mr.Gosal met several MPs and officials of the Government. He met Mr.Ian Waddell, who indicated a desire to present his own brief to the Committee. He met Mr.Ashworth [PMs Office], Mr.Mulroney, Mr.Baker, Mr.Kilgour and Mr. Murta.

Mr.Gosal also met officials of the German Embassy and officials of the External Affairs. He was accompanied by the other members of the executive.

An informal meeting of the executive of the Federation was conducted on Sept.27. This meeting was attended by 5 members of the executive.

The final meeting of Mr Gosal was with Hon.David Collenette and the Director, Multiculturalism Directorate, Mr Kerry Johnston. This meeting with the Minister of Multiculturalism lasted over an hour and Mr.Gosal raised various points with the Minister. Topics discussed were the Bhinder case, the setting of the Chair of Sikh Studies at the University of British Columbia, Racism and the ethics of the Media.

The final report of the Committee will be available around Xmas. For further information please contact,

Dr Bakhshish Singh Samagh
Secretary
Federation of Sikh Societies of CANADA
[613]828-8024



ਕੰਬਰਲੈਂਡ ਆਟੋ ਰੀਪੇਅਰਜ਼ ਦੇ ਮਾਲਕ ਸ੍ਰੀ ਹਰਚੰਦ ਸਿੰਘ ਉੱਪਲ ਆਪਣੇ ਗੈਸ ਸਟੇਸ਼ਨ ਅਤੇ ਆਟੋ ਰੀਪੇਅਰ ਸ਼ਾਪ ਸਾਹਮਣੇ ਖਲੋਤੇ ਹਨ।

ਫ਼ਿਲਮ ਦਰਪਣ

ਮੋਹਸਿਨ ਦਾ ਰੀਨਾ ਨਾਲ ਦਸੰਬਰ 'ਚ ਵਿਆਹ ਦਾ ਐਲਾਨ

ਪਾਕਿਸਤਾਨ ਦੇ ਸਟਾਰ ਬੈਟਸਮੈਨ ਮੋਹਸਿਨਖਾਨ ਨੇ ਯੂ. ਐਨ. ਆਈ. ਕੋਲ ਟਿਨਕਾਰ ਕਰਨ ਦੇ ਇਕ ਦਿਨ ਬਾਅਦ ਹੀ ਐਲਾਨ ਕਰ ਦਿਤਾ ਹੈ ਕਿ ਉਹ ਰੀਨਾ ਰਾਇ ਨਾਲ ਵਿਆਹ ਕਰਵਾ ਰਿਹਾ ਹੈ. ਬੰਬਈ ਦੇ ਹਫਤਾਵਾਰ 'ਸੰਡੇ ਮਿਡ ਡੇ ਨਾਲ ਬੰਗਲੌਰ ਵਿਚ ਇਕ ਇੰਟਰ-ਵਿਊ ਵਿਚ ਮੋਹਿਸਿਨ ਨੇ ਕਿਹਾ, "ਹਾਂ ਮੈਂ ਰੀਨਾ ਰਾਇ ਨਾਲ ਵਿਆਹ ਕਰਵਾ ਰਿਹਾ ਹਾਂ, ਪਰ ਅਸੀਂ ਅਜੇ ਤਾਰੀਕ ਦਾ ਫੈਸਲਾ ਨਹੀਂ ਕੀਤਾ. ਕਿਉਂਕਿ ਮੈਂ ਅਗਲੇ ਕੁਝ ਮਹੀਨਿਆਂ 'ਚ ਕੁਝ ਮਹਤਵ-ਪੂਰਣ ਦੌਰਿਆਂ ਤੇ (ਟੈਸਟ ਕ੍ਰਿਕਟ ਲਈ) ਜਾਣਾ ਹੈ ਅਤੇ ਰੀਨਾ ਨੇ ਅਜੇ ਹੱਥਲੀਆਂ ਫਿਲਮਾਂ ਮੁਕੰਮਲ ਕਰਨੀਆਂ ਹਨ. ਸਾਡਾ ਵਿਆਹ ਦਸੰਬਰ ਤੋਂ ਬਾਅਦ ਹੋਵੇਗਾ ਅਤੇ ਅਸੀਂ ਬੰਬਈ ਵਿਚ ਸ਼ਾਦੀ ਦੀਆਂ ਰਸਮਾਂ ਪੂਰੀਆਂ ਕਰਨ ਦਾ ਮਨ ਬਣਾਇਆ ਹੈ.

—0—

ਅਮਿਤਾਬਚਨ ਤਕਰੀਬਨ ਇਕ ਸਾਲ ਪਿਛੋਂ ਇਕ ਵਾਰ ਫੇਰ ਗੁਸੇ ਵਿਚ ਬੜਕ ਰਿਹਾ ਹੈ ਅਤੇ ਇਸ ਵਾਰ ਪ੍ਰੈਸ ਦੇ ਖਿਲਾਫ ਗੁਸਾ ਕਢ ਰਿਹਾ ਹੈ. ਹਾਲ ਹੀ ਵਿਚ ਉਸ ਅੰਧਾ ਕਾਨੂੰਨ ਦੇ ਨਿਰਮਾਤਾ ਨਾਲ ਇਕ ਫਿਲਮ ਸਾਈਨ ਕੀਤੀ ਅਤੇ ਕਿਹਾ ਕਿ ਜੇ ਉਹ ਫਿਲਮ ਤਿੰਨ ਮਹੀਨਿਆਂ 'ਚ ਪੂਰੀ ਕਰੇ ਤਾਂ ਉਹ ਹਰ ਸਹਿਯੋਗ ਦੇਵੇਗਾ ਜਦੋਂ ਨਿਰਮਾਤਾ ਏ. ਪੂਰਨ ਚੰਦਰ ਰਾਓ ਤੇ ਨਿਰਦੇਸ਼ਕ ਟੀ. ਰਾਮਾ ਰਾਓ ਫਿਲਮ ਸ਼ੁਰੂ ਕਰਨ ਲਈ ਸੈਟ ਤਿਆਰ ਕਰਕੇ ਐਨ ਤਿਆਰ ਬਰ ਤਿਆਰ ਸਨ, ਅਮਿਤਾਬ ਅਮਰੀਕਾ ਚਲਾ ਗਿਆ, ਜਦੋਂ ਅਮਿਤਾਬ ਵਾਪਸ ਆਇਆ ਤਾਂ ਇਕ ਟਰੇਡ ਪੇਪਰ ਵਿਚ ਇਹ ਪੜ੍ਹਕੇ ਭੜਕ ਉਠਿਆ ਕਿ ਅਮਿਤਾਬ ਨੇ ਸਿਰਫ ਫਿਲਮ ਵਿਚ ਕੰਮ ਕਰਨ ਲਈ ਸਹਿਮਤ ਹੋਣ ਦੇ ਹੀ 20 ਲਖ ਰੁਪਏ ਲਏ ਹਨ, ਉਸਦਾ ਕਹਿਣਾ ਹੈ ਕਿ ਇਹ ਸੱਚ ਨਹੀਂ ਜਦੋਂ ਕਿ ਇਹ ਉਸ ਪਰਚੇ ਵਿਚ ਛਪਿਆ ਹੈ ਜਿਹੜਾ ਬੰਬਈ ਵਿਚ ਬੇਹਦ ਪ੍ਰਚਲਤ ਹੈ.

—0—

ਕਹਿੰਦੇ ਹਨ ਕਿ ਸਿਲਕ ਸਮਿਤਾ ਦੇ ਕਈ ਨਿਰਮਾਤਾ ਸ਼ਕਾਇਤ ਕਰ ਰਹੇ ਹਨ ਕਿ ਉਹ ਹੁਣ ਫਿਲਮਾਂ ਲਈ ਬਹੁਤ ਪੈਸੇ ਮੰਗਣ ਲਗ ਪਈ ਹੈ, ਹੁਣ ਜਦੋਂ ਕਿ ਉਸਨੇ ਹਿੰਦੀ ਫਿਲਮਾਂ ਵਿਚ ਪੈਰ ਟਿਕਾ ਲਏ ਹਨ, ਤਾਂ ਸਿਲਕ ਸਮਿਤਾ ਨੂੰ ਇਸ ਗਲ ਵਿਚ ਕੋਈ ਤੁਕ ਨਹੀਂ ਦਿਸਦੀ ਕਿ ਉਹ ਪਹਿਲੀ ਕੀਮਤ 'ਤੇ ਹੀ ਕੰਮ ਕਰੀ ਜਾਵੇ—ਪਰ ਕਿਹਾ ਜਾਂਦਾ ਹੈ ਕਿ ਉਸਦੀ ਮੰਗ ਘਟ ਗਈ ਹੈ...


ਹੇਮਾ ਮਾਲਿਨੀ ਆਪਣੀ ਫਿਲਮ ਸ਼ਰਾਰਾ' ਬਾਰੇ ਬਹੁਤ ਹੀ ਉਤਸ਼ਾਹਤ, ਹੋ ਕੇ ਗੱਲਾਂ ਕਰਦੀ ਹੈ. ਉਹ ਕਹਿੰਦੀ ਹੈ, 'ਸ਼ਰਾਰਾ' ਬਨਾਉਣ ਦਾ ਤਜਰਬਾ ਬਹੁਤ ਹੀ ਅਦਭੁਤ ਅਤੇ ਖ਼ੂਬਸੂਰਤ ਸੀ. ਬਿਲਕੁਲ ਇਕ ਬੱਚੇ ਨੂੰ ਪਾਲ ਪੋਸ ਕੇ ਵੱਡਾ ਕਰਨ ਵਾਂਗ ਹੇਮਾ ਇਸ ਫ਼ਿਲਮ ਦੇ ਹਰ ਹਿੱਸੇ ਨਾਲ ਪੂਰੀ ਤਰ੍ਹਾਂ ਸੰਬੰਧਤ ਰਹੀ ਹੈ. ਉਸਦਾ ਕਹਿਣਾ ਹੈ ਕਿ ਇਸ ਫ਼ਿਲਮ ਦੀ ਸਕਰਿਪਟ ਜਿਸ ਵਿਚਾਰ ਤੇ ਆਧਾਰਤ ਹੈ, ਉਹ ਮੇਰਾ ਆਪਣਾ ਹੈ. ਫ਼ਿਲਮ ਦਾ ਹੀਰੋ ਰਾਜਕੁਮਾਰ ਹੈ ਅਤੇ ਟੀਨਾ ਮੁਨੀਮ ਤੇ ਮਿਥੁਨ ਚਕਰਵਰਤੀ ਇਸ ਵਿਚ ਮਹੱਤਵ-ਪੂਰਨ ਰੋਲ ਨਿਭਾ ਰਹੇ ਹਨ. ਫ਼ਿਲਮ ਦਿਵਾਲੀ ਤੇ ਰੀਲੀਜ਼ ਕੀਤੇ ਜਾਣ ਦਾ ਪ੍ਰੋਗਰਾਮ ਹੈ.

ਇਹ ਬੰਬਈ ਹੈ

—0—

ਮਨੋਜ ਕੁਮਾਰ ਅੱਜ ਕਲ੍ਹ ਆਪਣੇ ਪੁਤ ਕੁਨਾਲ ਦੀ ਮਸ਼ਹੂਰੀ ਲਈ ਹਰ ਹਰਬਾ ਵਰਤ ਰਿਹਾ ਹੈ. ਮਨੋਜ ਨੇ ਸੇਠ ਸਟੂਡੀਓ ਵਿਚ ਕੁਨਾਲ ਦੀ ਇਕ ਬਹੁਤ ਵੱਡੀ ਤਸਵੀਰ ਫਰੇਮ ਵਿਚ ਮੜ੍ਹਵਾ ਕੇ ਲੁਆ ਕੇ ਦਿਤੀ ਹੈ ਤਾਂ ਜੋ ਹਰ ਆਉਣ ਜਾਣ ਵਾਲੇ ਦੀ ਉਸ ਉਤੇ ਨਜ਼ਰ ਪਵੇ. ਜਦੋਂਕਿ ਦੂਜੇ ਸਟਾਰ ਪੁਤਰਾਂ ਸੰਨੀ ਦਿਉਲ, ਚਿੰਪੂ ਕਪੂਰ ਆਦਿ ਦੀਆਂ ਹਰ ਪਾਸੇ ਤਾਰੀਫ਼ਾਂ ਹੋ ਰਹੀਆਂ ਹਨ, ਕੁਨਾਲ ਦਾ ਕੋਈ ਨਾਂਅ ਵੀ ਨਹੀਂ ਲੈਂਦਾ. ਸ਼ਾਇਦ ਇਸ ਕਰ ਕੇ ਕਿ ਉਸ ਦੀ ਪਹਿਲੀ ਹੀ ਫ਼ਿਲਮ 'ਘੁੰਗਰੂ' ਨਾ ਤਾਂ ਸਫ਼ਲ ਹੋਈ ਹੈ ਅਤੇ ਨਾ ਹੀ ਉਸਦੇ ਕੰਮ ਨੂੰ ਹੀ ਫ਼ਿਲਮ ਵਿਚ ਸਲਾਹਿਆ ਗਿਆ. ਪ੍ਰਕਾਸ਼ ਮਹਿਰਾ ਨੇ ਉਸਨੂੰ ਸਿਰਫ ਅਮਿਤਾਭ ਵਾਂਗ ਲੰਮਾ ਹੋਣ ਕਰ ਕੇ ਹੀ ਘੁੰਗਰੂ ਵਿਚ ਲੈ ਲਿਆ ਸੀ, ਭਾਵੇਂ ਕਿ ਕੁਨਾਲ ਦਾ ਪਿਓ ਬੜਾ ਅਸਰ-ਰਸੂਖ ਵਾਲਾ ਹੈ ਅਤੇ ਉਸ ਕੋਲ ਦੋ ਫ਼ਿਲਮਾਂ 'ਦੋ ਗੁਲਾਬ' ਅਤੇ 'ਰਿਕੀ' ਉਸ ਕੋਲ ਹਨ

ਫੋਟੋਗ੍ਰਾਫਰ ਤੋਂ ਨਿਰਦੇਸ਼ਨ ਤਕ--ਸੁਰਿੰਦਰ ਸਿਨਹਾ



ਫਿਲਮ 'ਛੜੇ ਮਲੰਗ' ਦੇ ਸੈਟ ਤੇ ਨਿਰਦੇਸ਼ਕ ਸੁਰਿੰਦਰ ਸਿਨਹਾ (ਸਜੇ) ਰਮਾ ਵਿਜ, ਪਿੰਚੂ ਕਪੂਰ ਤੇ ਨਿਰਮਾਤਾ ਨਰਿੰਦਰ ਗੋਇਲ

'ਪਾਕੀਜ਼ਾ' ਫ਼ਿਲਮ ਤੋਂ ਆਪਣਾ ਫ਼ਿਲਮ ਕੈਰੀਅਰ ਅਸਿਸਟੈਂਟ ਫੋਟੋ-ਗਰਾਫਰ ਵਜੋਂ ਸ਼ੁਰੂ ਕਰਨ ਵਾਲਾ ਯੂ. ਪੀ. ਦਾ ਨੌਜਵਾਨ ਸੁਰਿੰਦਰ ਸਿਨਹਾ, ਅੱਜਕਲ੍ਹ ਹਿੰਦੀ ਫਿਲਮਾਂ ਦਾ ਤੇਜ਼ੀ ਨਾਲ ਉਭਰ ਰਿਹਾ ਨਿਰ-ਦੇਸ਼ਕ ਹੈ. ਕਮਾਲ ਅਮਰੋਹੀ ਦੀ 'ਦਿਲ ਆਪਣਾ ਔਰ ਪ੍ਰੀਤ ਪਰਾਈ' ਫ਼ਿਲਮ ਦੀ ਫੋਟੋਗਰਾਫੀ ਵੀ ਸੁਰਿੰਦਰ ਸਿਨਹਾ ਨੇ ਹੀ ਕੀਤੀ ਸੀ. ਕਾਫੀ ਦੇਰ ਫੋਟੋਗਰਾਫਰ ਵਜੋਂ ਕੰਮ ਕਰਦੇ ਉਸਦਾ ਅਭਿਆਸ ਏਨਾ ਹੋ ਗਿਆ, ਪੰਜਾਬੀ ਫਿਲਮ 'ਛੜੇ ਮਲੰਗ' ਦੀ ਫੋਟੋਗ੍ਰਾਫੀ ਵੀ ਉਸ ਨੇ ਕੀਤੀ ਹੈ ਤੇ ਇਸਦਾ ਨਿਰਦੇਸ਼ਨ ਵੀ ਦਿਤਾ ਹੈ. ਉਸਨੇ ਦਸਿਆ ਕਿ ਭਾਵੇਂ ਉਹ ਉਹ ਪੰਜਾਬੀ ਨਹੀਂ ਹੈ ਪਰ ਫਿਰ ਵੀ ਉਸਨੇ ਪੰਜਾਬੀ ਸਭਿਆਚਾਰ ਦਾ ਚੋਖਾ ਅਧਿਅਨ ਕੀਤਾ ਹੈ ਤੇ 'ਛੜੇ ਮਲੰਗ' ਦੇਖਣ ਤੋਂ ਬਾਅਦ ਲੋਕ ਇਹ ਨਹੀਂ ਕਹਿ ਸਕਣਗੇ ਕਿ ਨਿਰਦੇਸ਼ਕ ਗੈਰ-ਪੰਜਾਬੀ ਹੈ. ਪੰਜਾਬੀ ਵਿਚ ਆਰਟ ਫਿਲਮਾਂ ਬਣਨੀਆਂ ਚਾਹੀਦੀਆਂ ਹਨ, ਬਾਰੇ ਉਸਦਾ ਕਹਿਣਾ ਹੈ ਕਿ ਅਜੇ ਕਮਰਸ਼ੀਅਲ ਤੌਰ ਤੇ ਪੰਜਾਬੀ ਫ਼ਿਲਮਾਂ ਪਛੜੀਆਂ ਹੋਈਆਂ ਹਨ ਇਸ ਲਈ ਭੁੱਲਕੇ ਵੀ ਹਾਲਾਂ ਕਿਸੇ ਨੂੰ ਇਹ ਰਿਸਕ ਨਹੀਂ ਲੈਣਾ ਚਾਹੀਦਾ ਹੈ. ਹਾਂ ਹਿੰਦੀ ਵਿਚ ਆਰਟ ਫ਼ਿਲਮਾਂ ਬਨਣੀਆਂ ਚਾਹੀ-ਦੀਆਂ ਹਨ.

ਉਸ ਨੂੰ ਭਾਰਤੀ ਸੈਂਸਰ ਬੋਰਡ ਦੀਆਂ ਨੀਤੀਆਂ ਬਿਲਕੁਲ ਪਸੰਦ ਨਹੀਂ. ਉਸ ਅਨੁਸਾਰ ਸਾਡੀ ਸੈਂਸਰ ਵੀ ਰੂੜੀਵਾਦੀ ਵਿਚਾਰਾਂ ਵਾਲੀ ਹੈ ਤੇ ਉਹ ਵੀ ਵੀਹਵੀਂ ਸਦੀ ਦੀ ਗੱਲ ਨਹੀਂ ਕਰਦੀ. ਰਾਜਕਪੂਰ ਤੇ ਮਨਮੋਹਨ ਦੇਸਾਈ ਉਸਦੇ ਪਸੰਦੀ-ਅਤਾਂ ਫ਼ਿਲਮ ਨਿਰਦੇਸ਼ਕ ਹਨ



ਖੇਡ ਦਰਪਣ

ਜ਼ਹੀਰ ਤੇ ਮੀਆਂਦਾਦ ਨੇ ਅੰਦਰਖਾਤੇ ਰਕਮਾਂ ਲਈਆਂ

ਬਾਗੀ ਕ੍ਰਿਕਟਰ ਸਰਫਰਾਜ਼ ਦਾ ਦੋਸ਼

ਨਵੀਂ ਦਿਲੀ -- ਪਾਕਿਸਤਾਨ ਦੇ ਬਾਗੀ ਕ੍ਰਿਕਟਰ ਸਰਫਰਾਜ਼ ਨਵਾਜ਼ ਨੇ ਦੋਸ਼ ਲਾਇਆ ਹੈ ਕਿ ਕਪਤਾਨ ਜ਼ਹੀਰ ਅੱਬਾਸ ਅਤੇ ਸਟਾਰ ਬੈਟਸਮੈਨ ਜਾਵੇਦ ਮੀਆਂਦਾਦ ਨੇ ਹਿੰਦੁਸਤਾਨ ਦੇ ਦੌਰੇ ਲਈ ਪਾਕਿਸਤਾਨ ਕ੍ਰਿਕਟ ਕੰਟਰੋਲ ਬੋਰਡ ਕੋਲੋਂ ਅੰਦਰਖਾਤੇ ਤਿੰਨ ਤਿੰਨ ਹਜ਼ਾਰ ਪੌਂਡ (ਕੋਈ ਪੰਜਾਹ ਪੰਜਾਹ ਹਜ਼ਾਰ ਰੁਪਏ) ਲਏ ਸਨ.

ਇਥੋਂ ਛਪਦੇ ਹਫ਼ਤਾਵਾਰ 'ਵੀਕ ਐਂਡ' ਨਾਲ ਇਕ ਇੰਟਰਵਿਊ ਵਿਚ ਸਰਫਰਾਜ਼ ਨੇ ਕਿਹਾ ਕਿ ਜ਼ਹੀਰ ਤੇ ਮੀਆਂਦਾਦ ਨੂੰ ਪੰਜਾਹ ਪੰਜਾਹ ਹਜ਼ਾਰ ਰੁਪਏ ਦਿਤੇ ਜਾਣ ਦਾ ਪਤਾ ਲਗਣ ਉਤੇ ਹੀ ਸਪਿਨਰ ਅਬਦੁਲ ਕਾਦਿਰ ਨੇ ਪੈਸੇ ਮੰਗੇ ਸਨ ਜਿਹੜੇ ਨਹੀਂ ਦਿਤੇ ਗਏ ਤੇ ਕਾਦਿਰ ਨੇ ਹਿੰਦ ਦੇ ਦੌਰੇ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿਤੀ.

ਸਰਫਰਾਜ਼ ਨੇ ਕਿਹਾ ਕਿ ਪਾਕਿਸਤਾਨ ਕ੍ਰਿਕਟ ਕੰਟਰੋਲ ਬੋਰਡ ਦਾ ਚੇਅਰਮੈਨ ਏਅਰ ਮਾਰਸ਼ਲ ਨੂਰ ਖਾਂ ਅਤੇ ਉਸਦੀ ਜੁੰਡੀ ਉਸਦੇ ਖੂਨ ਦੀ ਪਿਆਸੀ ਹੈ. ਉਸ ਨੇ ਫੇਰ ਦੋਸ਼ ਲਾਇਆ ਕਿ ਅਧਿਕਾਰੀਆਂ ਨੇ ਹਿੰਦ ਦੌਰੇ ਦੌਰਾਨ ਨਾਂਹ-ਪੱਖੀ ਹਥਕੰਡੇ ਅਪਨਾਉਣ ਲਈ ਕਿਹਾ ਸੀ, ਜਿਸ ਤੋਂ ਉਸ ਨੇ ਨਾਂਹ ਕਰ ਦਿਤੀ. ਵਰਨਾ ਉਹ ਸਰੀਰਕ ਤੌਰ ਤੇ ਪੂਰੀ ਤਰ੍ਹਾਂ ਫਿੱਟ ਹੈ. ਸਰਫਰਾਜ਼ ਨੇ ਕਿਹਾ ਕਿ ਉਸਦਾ ਸਭ ਤੋਂ ਗੂੜ੍ਹਾ ਮਿੱਤਰ ਇਮਰਾਨ ਖਾਨ ਹੈ.

ਵਾਸੀਮ ਰਾਜਾ ਮੈਨ ਆਫ ਦਾ ਮੈਚ

ਜਲੰਧਰ —ਪਾਕਿਸਤਾਨ ਦੇ ਹਰਫਨ ਮੌਲਾ ਵਾਸੀਮ ਰਾਜਾ ਨੂੰ . ਏਥੇ ਖੇਡੇ ਗਏ ਹਿੰਦ-ਪਾਕਿ ਦੂਜੇ ਕ੍ਰਿਕਟ ਟੈਸਟ ਮੈਚ ਲਈ ਮੈਨ ਆਫ ਮੈਚ ਦਾ ਅਵਾਰਡ ਦਿਤਾ ਗਿਆ. ਰਾਜਾ ਨੇ ਪਾਕਿ ਦੀ ਪਹਿਲੀ ਪਾਰੀ ਵਿਚ ਆਪਣੇ ਕੈਰੀਅਰ ਦੀਆਂ ਸਭ ਤੋਂ ਵਧ ਸ਼ਾਨਦਾਰ 126 ਦੌੜਾਂ ਬਣਾਈਆਂ ਅਤੇ ਹਿੰਦ ਦੀ ਪਹਿਲੀ ਪਾਰੀ ਵਿਚ ਚਾਰ ਕੀਮਤੀ ਵਿਕਟਾਂ ਲੈ ਕੇ ਰਾਜਾ ਸਭ ਤੋਂ ਸਫਲ ਪਾਕਿਸਤਾਨੀ ਗੇਂਦਬਾਜ਼ ਰਿਹਾ.

ਬੇਕਸ ਦੱਖਣੀ ਅਫਰੀਕਾ ਜਾਏਗਾ

ਕਿੰਗਸਟਨ (ਜਮਾਇਕਾ) —(ਰਾਇਟਰ) ਗੁਆਇਨਾ ਦੇ ਓਪਨਰ ਅਤੇ ਵੈਸਟ ਇੰਡੀਜ਼ ਦੇ ਟੈਸਟ ਸਟਾਰ ਫਾਓਦ ਬੇਕਸ ਨੇ, ਹਿੰਦ ਦੇ ਦੌਰੇ ਤੇ ਆਉਣ ਵਾਲੀ ਵੈਸਟ ਇੰਡੀਜ਼ ਟੀਮ ਵਿਚੋਂ ਕਢ ਦਿਤੇ ਜਾਣ ਤੋਂ ਬਾਅਦ, ਦਖਣੀ ਅਫਰੀਕਾ ਵਿਚ ਖੇਡਣ ਦੇ ਇਕ ਸਮਝੌਤੇ ਤੇ ਦਸਖਤ ਕੀਤੇ ਹਨ. ਇਹ ਗਲ ਵੈਸਟ ਇੰਡੀਜ਼ ਕ੍ਰਿਕਟ ਕੰਟਰੋਲ ਬੋਰਡ ਵਲੋਂ ਦਸੀ ਗਈ ਹੈ, ਬੇਕਸ ਨੇ ਹੁਣ ਤਕ 19 ਟੈਸਟ ਖੇਡੇ ਹਨ. ਉਸ ਨੇ ਛੇ ਟੈਸਟ ਮੈਚਾਂ ਲਈ ਹਿੰਦ ਆਈ ਵੈਸਟ ਇੰਡੀਜ਼ ਟੀਮ ਵਿਚ ਖੇਡਦਿਆਂ ਕਾਨਪੁਰ ਵਿਚ ਛੇਵੇ ਟੈਸਟ ਵਿਚ ਹਿੰਦ ਵਿਰੁਧ ਦੋਹਰਾਂ ਸੈਂਕੜਾਂ ਬਣਾਇਆ ਸੀ. ਬੇਕਸ ਦੇ ਦਖਣੀ ਅਫਰੀਕਾ ਦੇ ਦੌਰੇ ਬਾਰੇ ਵੈਸਟ ਇੰਡੀਜ਼ ਦੀਆਂ ਸਾਰੀਆਂ ਅਖਬਾਰਾਂ ਨੇ ਨੁਮਾਇਆ ਤੌਰ ਤੇ ਖਬਰਾਂ ਛਾਪ ਕੇ ਦਸਿਆ ਹੈ ਕਿ ਬੇਕਸ ਨੇ ਇਸ ਦੌਰੇ ਲਈ ਇਕ ਲਖ ਡਾਲਰ ਹਾਸਲ ਕੀਤੇ ਹਨ.

ਮੋਹਿੰਦਰ ਦੁਨੀਆਂ ਦਾ ਸਭ ਤੋਂ ਵਧੀਆ ਬੱਲੇਬਾਜ਼-- ਜ਼ਹੀਰ

ਨਵੀਂ ਦਿੱਲੀ ਪਾਕਿਸਤਾਨ ਦੇ ਕ੍ਰਿਕਟ ਕਪਤਾਨ ਜ਼ਹੀਰ ਅੱਬਾਸ ਦਾ ਖਿਆਲ ਹੈ ਕਿ ਸ਼ਾਇਦ ਮੋਹਿੰਦਰ ਅਮਰਨਾਥ ਇਸ ਵੇਲੇ ਦੁਨੀਆਂ ਦਾ ਸਭ ਤੋਂ ਵਧੀਆ ਬੱਲੇਬਾਜ਼ ਹੈ.

ਇਥੋਂ ਛਪਦੇ ਇਕ ਅੰਗਰੇਜ਼ੀ ਹਫਤਾਵਰ ਨਾਲ ਇੰਟਰਵਿਊ ਵਿਚ ਜ਼ਹੀਰ ਨੇ ਹਿੰਦ ਦੇ ਸਭ ਤੋਂ ਵਧੀਆ ਖਿਡਾਰੀ ਬਾਰੇ ਪੁਛੇ ਗਏ ਸੁਆਲ ਦੇ ਜੁਆਬ ਵਿਚ ਕਿਹਾ ਕਿ ਇਸ ਵੇਲੇ ਉਹਨਾਂ ਨੂੰ ਮੋਹਿੰਦਰ ਤੋਂ ਵਧੀਆ ਕੋਈ ਖਿਡਾਰੀ ਨਹੀਂ ਲਗਦਾ ਤੇ ਸ਼ਾਇਦ ਉਹ ਇਸ ਵੇਲੇ ਦੁਨੀਆਂ ਦਾ ਸਭ ਤੋਂ ਵਧੀਆ ਬੈਟਸਮੈਨ ਹੈ. ਮੈਂ ਅਜੇ ਅਜਿਹਾ ਕੋਈ ਬੱਲੇਬਾਜ਼ ਨਹੀਂ ਵੇਖਿਆ ਜਿਹੜਾ ਇਮਰਾਨ ਦੀ ਘਾਤਕ ਗੇਂਦਬਾਜ਼ੀ ਸਾਹਮਣੇ ਇੰਜ ਕੌਤਕ ਵਿਖਾ ਸਕੇ.. ਜਦੋਂ ਕਿ ਮੋਹਿੰਦਰ ਨੇ ਪਾਕਿਸਤਾਨ ਦੌਰੇ ਦੌਰਾਨ ਤਿੰਨ ਸੈਂਕੜੇ ਬਣਾਏ. ਜ਼ਹੀਰ ਨੇ ਕਿਹਾ ਕਿ ਕਪਿਲ ਦੇਵ ਹਿੰਦ ਦਾ ਸਭ ਤੋਂ ਵਧੀਆ ਗੇਂਦਬਾਜ਼ ਹੈ.

ਡੇਵਿਸ ਕੱਪ 'ਚ ਹਿੰਦ ਦੀ ਪਹਿਲੀ ਜਿੱਤ

ਟੋਕੀਓ. —(ਏ. ਪੀ.) ਪੂਰਬੀ ਜ਼ੋਨ ਡੇਵਿਸ ਕੱਪ ਫਾਈਨਲ ਦੇ ਪਹਿਲੇ ਮੈਚ ਵਿਚ ਅੱਜ ਰਮੇਸ਼ ਕ੍ਰਿਸ਼ਨਨ ਨੇ ਜਪਾਨ ਦੇ ਜੋਇਸ਼ੀ ਬੂਕੁਈ ਨੂੰ 6-4, 3-6, 4-6, 6-0 ਨਾਲ ਹਰਾ ਕੇ ਪੰਜ ਮੈਚਾਂ ਦੇ ਫਾਈਨਲ ਵਿਚ ਹਿੰਦ ਨੂੰ 1-0 ਦੀ ਲੀਡ ਦਿਵਾ ਦਿੱਤੀ. ਭਾਰਤ ਦੇ ਟੀਮ ਕਪਤਾਨ ਵਿਜੇ ਅੰਮ੍ਰਿਤਰਾਜ ਦਾ ਦੂਜੇ ਸਿੰਗਲ ਮੈਚ 'ਚ ਮੁਕਾਬਲਾ ਜਪਾਨ ਦੇ ਹਿਤੋਸ਼ੀ ਸ਼ਿਰਾਤੋ ਨਾਲ ਹੋ ਰਿਹਾ ਹੈ.

ਬੌਕਸਿੰਗ ਚੈਂਪੀਅਨਸ਼ਿਪ

ਬੰਬਈ —(ਯੂ. ਐਨ. ਆਈ.) ਇਥੋਂ ਦੇ ਬਾਰਬੋਰਨੇ ਸਟੇਡੀਅਮ ਵਿਚ 14 ਨਵੰਬਰ ਤੋਂ ਹੋ ਰਹੀ 30ਵੀਂ ਕੌਮੀ ਸੀਨੀਅਰ ਬੌਕਸਿੰਗ ਚੈਂਪੀਅਨਸ਼ਿਪ ਵਿਚ ਦੇਸ਼ ਭਰ ਦੇ 170 ਬੌਕਸਰ ਹਿੱਸਾ ਲੈਣਗੇ. ਜਿਹਨਾਂ ਵਿਚ ਛੇ ਏਸ਼ਿਆਈ ਮੈਡਲਿਸਟ ਵੀ ਹਨ.

ਸੁਰਜੀਤ ਕੌਰ ਜਿੱਤੀ

ਜਮਸ਼ੇਦਪੁਰ (ਯੂ. ਐਨ. ਆਈ.)—ਇਥੇ ਹੋ ਰਹੀ ਓਪਨ ਕੌਮੀ ਐਥਲੈਟਿਕਸ ਚੈਂਪੀਅਨਸ਼ਿਪ ਵਿਚ, ਸੁਰਜੀਤ ਕੌਰ ਨੇ 3000 ਮੀਟਰ ਦੀ ਦੌੜ ਜਿਤ ਲਈ ਹੈ.

ਸਰਪੰਚ ਜਾਅਲੀ ਵੋਟਾਂ ਪਾਉਂਦਾ ਕਾਬੂ

ਸਮਾਣਾ — ਬਲਾਕ ਭੁਨਰਹੇੜੀ ਦੇ ਪਿੰਡ ਧਰਮੇਹੜੀ ਵਿਚ ਇਕ ਸਾਬਕਾ ਸਰਪੰਚ 5 ਜਾਅਲੀ ਵੋਟਾਂ ਪਾਉਂਦਾ ਮੌਕੇ ਉਤੇ ਹੀ ਫੜ ਲਿਆ ਗਿਆ. ਚੋਣ ਅਫਸਰ ਅਨੁਸਾਰ ਇਹ ਖੁਦ ਸਰਪੰਚੀ ਚੋਣ ਉਤੇ ਖੜਾ ਸੀ ਤੇ ਆਪਣੀ ਵੋਟ ਪਾਉਣ ਲਈ ਆਇਆ ਪਰ ਬਰਸੇ ਵਿਚ 5 ਨਜਾਇਜ਼ ਵੋਟਾਂ ਪਾਉਂਦਾ ਫੜ ਲਿਆ ਗਿਆ. ਉਸ ਦੇ ਖਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ. ਵਰਨਣਯੋਗ ਗਲ ਇਹ ਹੈ ਕਿ ਦੋਸ਼ੀ 10 ਸਾਲ ਤੋਂ ਲਗਾਤਾਰ ਸਰਵਸੰਮਤੀ ਨਾਲ ਸਰਪੰਚ ਬਣਦਾ ਆ ਰਿਹਾ ਸੀ. ਉਹ ਕਾਂਗਰਸ ਨਾਲ ਸਬੰਧਤ ਹੈ.


ਚੰਬੇ ਦਾ ਬੂਟਾ

ਮਿੱਤਰ ਰਾਸ਼ਾ

ਸਰੂਟਾ ਵੇ ਸਰੂਟਾ
ਬਾਬਲ ਦੇ ਵੇਹੜੇ ਖਿੜਿਆ
ਇਕ ਚੰਬੇ ਦਾ ਬੂਟਾ
ਓਸ ਬੂਟੇ ਨੂੰ
ਕੱਲੀਆਂ ਲੱਗੀਆਂ
ਦੇਣ ਖੁਸ਼ੀ ਦਾ ਝੂਟਾ
ਕਲੀਆਂ ਦੀਆਂ ਖੁਸ਼ਬੋਆਂ ਉੱਡੀਆਂ
ਖੁਸ਼ਬੂਆਂ ਉੱਡੀਆਂ
ਲੋਕਾਂ ਵਸਲ ਦੀਆਂ
ਮੌਜਾਂ ਲੁੱਟੀਆਂ
ਤੂੰ ਵੀ ਮੁੜ ਆ ਰੰਗਰੂਟਾ

ਰੰਗਰੂਟਾਂ ਦੇ ਮੱਥੇ
ਲਾਮਾਂ ਲਿਖੀਆਂ
ਮੱਥੇ ਸਾਡੇ ਜੁਦਾਈਆਂ
ਜਾਂਦੀ ਵਾਰ ਲਿਖਵਾਏ ਸਰਨਾਵੇਂ
ਚਿੱਠੀਆਂ ਵੀ ਨਾ ਪਾਈਆਂ
ਮਾਂ ਦਿਆ ਲਟਬੌਰਿਆ
ਅੱਖਾਂ ਰਾਹਾਂ 'ਤੇ
ਅਸਾਂ ਵਛਾਈਆਂ

ਉੱਠ ਉੱਠ ਉਠਾਂ
ਤੇ ਮੁੜ ਮੁੜ ਵੇਖਾਂ
ਚੰਬਾ ਖਿੜਿਆ
ਰੀਝਾਂ ਸਾਡੀਆਂ
ਤਿਰਹਾਈਆਂ
ਮਾਂ ਦਿਆ ਫੌਜੀਆ
ਲੋਕਾਂ ਨਾ ਸੁਣੀਆਂ
ਰਾਤੀਂ ਜੋ ਗੱਲਾਂ
ਬਨੇਰਿਆਂ ਗ਼ ਸੁਣਾਈਆਂ
ਮਾਂ ਦਿਆ ਫੌਜੀਆ



ਤੁਹਾਨੂੰ ਸਕੋਰ ਪੁਛਣ ਦੀ ਬੀਮਾਰੀ ਹੋ ਗਈ ਸੀ. ਇਸ ਲਈ ਅਪਰੇਸ਼ਨ ਕਰਕੇ ਤੁਹਾਡੇ ਸਿਰ 'ਚ ਟਰਾਂਜਿਸਟਰ ਫਿਟ ਕਰ ਦਿਤਾ ਗਿਆ ਹੈ.

● ਸਣੇ ਬਲਦ ਗੱਡਾ ਪੁੰਨ ਕੀਤਾ,
ਵੀਰ ਮੇਰੇ ਧਰਮੀ ਨੇ।

● ਸੱਸ ਦੈਂਗੜੀ ਕੁੰਡਾ ਨਾ ਖੋਲ੍ਹੇ,
ਕੋਠੇ ਕੋਠੇ ਆ ਜਾ ਵੀਰਨਾ।

● ਮੇਰੇ ਵੀਰ ਨੂੰ ਸੁੱਕੀ ਖੰਡ ਪਾਈ,
ਸੱਸੇ ਤੇਰੀ ਮੌਝ ਮਰ ਜਾਏ।

● ਵੀਰਾ ਆਵੀਂ ਵੇ ਭੈਣ ਦੇ ਵਿਹੜੇ,
ਪੁੰਨਿਆ ਦਾ ਚੰਨ ਬਣ ਕੇ।

● ਠਾਣੇਦਾਰ ਦਾ ਕੁੱਕੜ ਚੁਕ
ਲਿਆਇਆ,
ਡੱਬਾ ਕੁੱਤਾ ਮੇਰੇ ਵੀਰ ਦਾ।

● ਵੀਰ ਆਉਣਗੇ ਪੱਗਾਂ ਨੂੰ ਰੰਗ
ਲਾਉਣਗੇ,
ਸ਼ੀਸ਼ੀਏ ਬਦਾਮੀ ਰੰਗੀਏ।

GOYAL : THE VIDEO KING

PHONE:
(604)873-8308

4160 FRASER ST.
VANCOUVER, B.C. V5V 4E8


Announces a


Special Sale On Panasonic's Video Machines and T.V.'s



Best Selling 20″ TV
PC - 2043
Price too low to quote

Latest 26″ TV
PC-26 K 25R
Reg. $1200 Now only $999[00]





PV-1220K Omnivision VHS
8-Hour/3-Speed Home Video Cassette Recorder with Electronic Tuning

Best Selling Video Machines
PV - 1220K
Now priced too low to quote

Released or Releasing :


Mujhe Insaaf Chahiye
Hum Se Hai Zamana
Bismillah Ki Barkat
Kalka
Bhangra (old)
Aao Pyar Karen(new)
Gurdas Mann Live in Toronto
Dastaan(old) Raj Kapoor, Suriya
Mazdoor Zindabad
Bekarar

And many more new and old video films.

We Sell & Rent and Exchange Excellent Print of Video Movies at Very Low Price

Arrived a Huge Shipment of Simsonite Luggage

Best selection of 220V electrical Appliances available
Biggest selection of Hindi, Punjabi Video Movies in North America
(Phone for Confirmation)



Rajendra Goyal